# ਬਲਬੀਰ ਪਰਵਾਨਾ ਦੇ ਨਾਵਲ ਸਿਮਟਦਾ ਆਕਾਸ਼ ਵਿੱਚ ਨਕਸਲਵਾਦ ਦੀ ਪ੍ਰਸਤੁਤੀ: ਇਕ ਅਧਿਐਨ

# Balveer Parvana de Novel simtda Akash vich Naksalvad di Parstuti: Ek Adhan

**Ramanjeet Kaur**

**M.A. Student**

**Reg. No. 11502020**

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ

ਐਮ.ਏ. (ਪੰਜਾਬੀ) ਦੀ ਡਿਗਰੀ ਦੇ ਇੱਕ

ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ

ਖੋਜ-ਪ੍ਰਬੰਧ

ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ

2017

## ਘੋਸ਼ਣਾ-ਪੱਤਰ

ਮੈਂ ਰਮਨਜੀਤ ਕੌਰ ਇਹ ਬਿਆਨ ਕਰਦੀ ਹਾਂ ਕਿ ' ਸਿਮਟਦਾ ਆਕਾਸ਼ ਨਾਵਲ 'ਚ ਨਕਸਲਵਾਦ ਦੀ ਪ੍ਰਸਤੁਤੀ: ਇੱਕ ਅਧਿਐਨ' ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ।ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਖੋਜਾਰਥੀ**

ਰਮਨਜੀਤ ਕੌਰ

ਰਜਿ.ਨੰਬਰ 11502020

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਰਮਨਜੀਤ ਕੌਰ ਨੇ '' ਸਿਮਟਦਾ ਆਕਾਸ਼ ਨਾਵਲ 'ਚ ਨਕਸਲਵਾਦ ਦੀ ਪ੍ਰਸਤੁਤੀ: ਇੱਕ ਅਧਿਐਨ' ਵਿਸ਼ੇ ਉੱਤੇ ਐਮ.ਏ. (ਪੰਜਾਬੀ ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥਣ ਦਾ ਮੌਲਿਕ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤੀਫਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ. ਏ ਦੀ ਡਿਗਰੀ ਲਈ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦੀ ਹਾਂ।ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

**ਮਿਤੀ:**

**ਨਿਗਰਾਨ**

ਡਾ. ਸੰਦੀਪ ਕੌਰ

ਸਹਾਇਕ ਪ੍ਰੋਫ਼ੈਸਰ,

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,

# ਤਤਕਰਾ

**ਅਧਿਆਇ ਪਹਿਲਾ** 6-19

ਭੂਮਿਕਾ 6-8

1.1 ਉਦੇਸ਼

1.2 ਖੋਜ ਵਿਧੀ

1.3 ਪੂਰਵ ਖੋਜ ਕਾਰਜ

1.4 ਨਾਵਲ ਦਾ ਵਿਕਾਸ

1.5 ਬਲਬੀਰ ਪਰਵਾਨਾ ਦਾ ਜੀਵਨ ਤੇ ਰਚਨਾ

**ਅਧਿਆਇ ਦੂਜਾ** 20-26

2. ਪੰਜਾਬ ਅਤੇ ਨਕਸਲੀ ਲਹਿਰ

2.1 ਭਾਰਤ ਵਿੱਚ ਨਕਸਲੀ ਲਹਿਰ ਦਾ ਇਤਿਹਾਸ

2.2 ਪੰਜਾਬ ਵਿਚ ਨਕਸਲੀ ਲਹਿਰ ਦੀ ਸ਼ੁਰੂਆਤ

**ਅਧਿਆਇ ਤੀਜਾ** 27-55

3 ਬਲਬੀਰ ਪਰਵਾਨਾ ਦਾ ਨਾਵਲ ਸਿਮਟਦਾ ਆਕਾਸ਼ ਅਤੇ ਨਕਸਲੀ ਲਹਿਰ

3.1 'ਸਿਮਟਦਾ ਆਕਾਸ਼' ਨਾਵਲ 'ਚ ਨਕਸਲੀ ਲਹਿਰ ਅਤੇ ਮਨੁੱਖੀ ਸੰਤਾਪ

3.2 'ਸਿਮਟਦਾ ਆਕਾਸ਼' ਨਾਵਲ 'ਚ ਨਕਸਲੀ ਲਹਿਰ ਤੇ ਮਾਨਵੀ ਰਿਸ਼ਤੇ

**ਅਧਿਆਇ ਚੌਥਾ** 56-69

4. ਸਿਮਟਦਾ ਆਕਾਸ਼' 'ਤੇ ਅਧਾਰਿਤ ਪੰਜਾਬ ਵਿਚ ਨਕਸਲੀ ਲਹਿਰ ਦੇ ਪ੍ਰਭਾਵ ਅਤੇ ਸਮਕਾਲੀ ਸਥਿਤੀ

4.1 ਸਿਮਟਦਾ ਆਕਾਸ਼ 'ਤੇ ਪੰਜਾਬ ਉੱਤੇ ਨਕਸਲੀ ਲਹਿਰ ਦਾ ਪ੍ਰਭਾਵ

4.2 ਸਿਮਟਦਾ ਆਕਾਸ਼ ਤੇ ਨਕਸਲਵਾਦ ਦੀ ਸਮਕਾਲੀ ਸਥਿਤੀ

ਨਿਸ਼ਕਰਸ਼ 70-72

ਪੁਸਤਕ ਸੂਚੀ 73-74

# ਭੂਮਿਕਾ

ਪੰਜਾਬ ਦੀ ਧਰਤੀ ਨੇ ਵੱਖ-ਵੱਖ ਹਾਕਮਾਂ ਦੀ ਹਕੂਮਤ ਦੇਖੀ ਹੈ। ਇੱਥੋਂ ਦੇ ਲੋਕਾਂ ਦੇ ਖ਼ੂਨ ਵਿਚ ਹੀ ਸੰਗਰਾਮ ਭਰਿਆ ਹੋਇਆ ਹੈ। ਪੰਜਾਬ ਵਿਚ ਜਿੱਥੇ ਇਕ ਪਾਸੇ ਵਿਦੇਸ਼ੀ ਹਾਕਮਾਂ ਨੇ ਆਪਣੀ ਦਹਿਸ਼ਤ ਬਣਾਈ ਉੱਥੇ ਪੰਜਾਬ ਵਿਚ ਨਕਸਲਵਾਦੀਆਂ ਨੇ ਵੀ ਪੰਜਾਬ ਦਾ ਮਾਹੌਲ ਗਰਮ ਕੀਤਾ। ਇਹ ਨਕਸਲਵਾਦੀ ਲਹਿਰ ਆਮ ਲੋਕਾਂ ਦੇ ਉੱਪਰ ਆਪਣੇ ਪ੍ਰਭਾਵ ਕਾਰਨ ਕਾਫ਼ੀ ਪ੍ਰਚਲਿਤ ਰਹੀਂ ਅਤੇ ਇਸ ਦੇ ਪ੍ਰਭਾਵ ਪੰਜਾਬ ’ਤੇ ਸਪਸ਼ਟ ਦਿਖਾਈ ਦਿੰਦੇ ਹਨ। ਨੌਜਵਾਨ ਵਰਗ ਇਸ ਲਹਿਰ ਤੋਂ ਕਾਫ਼ੀ ਪ੍ਰਭਾਵਿਤ ਹੋਇਆ। ਇਸ ਕਰ ਕੇ ਸਾਹਿਤ ਵਿਚ ਇਸ ਦਾ ਜ਼ਿਕਰ ਹੋਣਾ ਲਾਜ਼ਮੀ ਸੀ। ਬਲਬੀਰ ਪਰਵਾਨਾ ਇੱਕ ਅਜਿਹਾ ਚਿੰਤਕ ਹੈ ਜਿਸ ਨੇ ਨਕਸਲਵਾਦੀ ਲਹਿਰ ਨੂੰ ਆਪਣੇ ਲੇਖਣ ਦਾ ਵਿਸ਼ਾ ਬਣਾਇਆ। ਉਸ ਨੇ ਆਪਣੇ ਨਾਵਲ 'ਸਿਮਟਦਾ ਆਕਾਸ਼' ਵਿਚ ਇਸ ਉੱਪਰ ਪ੍ਰਭਾਵ ਪੂਰਨ ਚਰਚਾ ਕੀਤੀ ਹੈ। ਹਥਲਾ ਖੋਜ ਕਾਰਜ ਇਨ੍ਹਾਂ ਪ੍ਰਭਾਵਾਂ ਦਾ ਆਲੋਚਨਾਤਮਕ ਅਧਿਐਨ ਹੈ। ਇਸ ਅਧਿਐਨ ਦੇ ਅੰਤਰਗਤ ਸਿੱਟਿਆਂ ਦੀ ਸਥਾਪਨਾ ਕੀਤੀ ਗਈ ਹੈ।

ਬਲਬੀਰ ਪਰਵਾਨਾ ਨੇ ਨਾਵਲ ਵਿਚ ਨਕਸਲੀ ਲਹਿਰ ਦੇ ਪੰਜਾਬੀ ਸੂਬੇ ਉੱਪਰ ਪਏ ਹਰੇਕ ਪ੍ਰਭਾਵ ਨੂੰ ਡੂੰਘਾਈ ਨਾਲ ਪ੍ਰਸਤੁਤ ਕੀਤਾ ਹੈ ਭਾਵੇਂ ਮਾਨਵੀ ਸੰਵੇਦਨਾਵਾਂ ਦੇ ਸੰਦਰਭ ਵਿਚ ਇਸ ਲਹਿਰ ਦੇ ਪ੍ਰਭਾਵਾਂ ਨੂੰ ਖੰਘਾਲਣਾ ਹੋਵੇ ਜਾਂ ਫਿਰ ਆਰਥਿਕ ਤਾਣੇ-ਬਾਣੇ ਤੋਂ ਇਸ ਦੀ ਘੋਖ ਕਰਨੀ ਹੋਵੇ। ਹਰ ਪਹਿਲੂ ਤੋਂ ਇਹ ਨਾਵਲ ਨਕਸਲੀ ਲਹਿਰ ਦੇ ਪਾਸਾਰਾਂ ਨੂੰ ਪੰਜਾਬ ਦੇ ਸੰਦਰਭ ਵਿਚ ਬਿਆਨਦਾ ਹੈ। ਨਕਸਲਵਾਦ ਨੇ ਪੰਜਾਬ ਦੇ ਕਿਸਾਨਾਂ ਤੇ ਆਮ ਲੋਕਾਂ ਨੂੰ ਆਰਥਿਕ ਮੰਦਹਾਲੀ ਦਾ ਸ਼ਿਕਾਰ ਬਣਾਇਆ। ‘ਪੰਜਾਬ ਸਟੂਡੈਂਟਸ ਯੂਨੀਅਨ ਤੇ ਦਰਜਨਾਂ ਹੋਰ ਜਨਤਕ ਜਥੇਬੰਦੀਆਂ, ਨਕਸਲੀ ਕ੍ਰਿਸ਼ਮੇ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦੇ ਕੋਨੇ ਕੋਨੇ ਵਿਚ ਫੈਲ ਗਈਆਂ’[1]। ਨੌਜਵਾਨ ਭਾਰਤ ਸਭਾ, ਵਾਹੀਕਾਰ ਯੂਨੀਅਨ, ਬੇਰੁਜ਼ਗਾਰ ਟੀਚਰਜ਼ ਯੂਨੀਅਨ, ਟੈਕਨੀਕਲ ਸਰਵਿਸਿਜ਼

[1] ਬਲਬੀਰ ਪਰਵਾਨਾ, ਪੰਜਾਬ ਦੀ ਨਕਸਲਬਾੜੀ ਲਹਿਰ, ਪੰਨਾ 7

ਯੂਨੀਅਨ, ਜਮਹੂਰੀ ਅਧਿਕਾਰ ਸਭਾ ਤੇ ਕਈ ਸਭਾਵਾਂ ਦੀ ਤਰੰਗ ਪੰਜਾਬ ਵਿਚ ਫੈਲ ਗਈ। ਨਕਸਲਵਾਦ ਅੰਦੋਲਨ ਵਿਚ ਰਾਜਨੀਤਕ ਕੈਦੀਆਂ ਨੂੰ ਰਿਹਾਅ ਕਰਨ ਦੀ ਮੰਗ ਰੱਖੀ ਗਈ ਸੀ ਅਤੇ ਅੱਜ ਵੀ ਨਕਸਲਵਾਦ ਖ਼ਤਮ ਨਹੀਂ ਹੋਇਆ ਹੈ। ਭਾਵੇਂ ਕਿਤੇ ਨਾ ਕਿਤੇ ਇਸ ਨੇ ਆਪਣਾ ਰੂਪ ਵਟਾ ਲਿਆ ਹੈ। ਅੱਜ ਵੀ ਨਕਸਲਵਾਦ ਦੇਖਣ ਨੂੰ ਮਿਲਦਾ ਹੈ। ਇਸ ਨਾਵਲ ਵਿਚ ਵਿਚਰਦੇ ਕੁੱਝ ਆਗੂ ਜਾਂ ਕਾਰਕੁੰਨ ਬਹੁਤੇ ਤਾਂ ਆਪਣੀ ਨਿਰਮਾਣਤਾ ਕਰ ਕੇ ਤੇ ਕੁੱਝ ਕਿਸੇ ਵਿਵਾਦ ਕਰਕੇ ਜਾਣੇ ਜਾਂਦੇ ਹਨ। ਬਲਬੀਰ ਪਰਵਾਨਾ ਨੇ ਨਾਵਲ 'ਸਰਗਮ ਵਿਹੂਣੇ ਸਾਜ਼' ਵਿਚ ਵੀ ਕਮਿਊਨਿਸਟ ਲਹਿਰ ਦਾ ਜ਼ਿਕਰ ਕੀਤਾ ਹੈ। ਨਾਵਲ ਵਿਚ ਜਿੱਥੇ ਕਿਸਾਨੀ ਸਮੱਸਿਆਵਾਂ, ਮਸਲਿਆਂ ਤੇ ਔਕੜਾਂ ਨੂੰ ਪੇਸ਼ ਕੀਤਾ ਉਥੇ ਇਸ ਨਾਵਲ ਵਿਚ ਕਿਸਾਨਾਂ ਨੂੰ ਆਪਣੇ ਹੱਕ ਲੈਣ ਲਈ ਸੰਘਰਸ਼ ਕਰਨ ਦੀ ਪ੍ਰੇਰਨਾ ਦੀ ਪੇਸ਼ਕਾਰੀ ਵੀ ਮਿਲਦੀ ਹੈ। ਨਾਵਲ ਵਿਚ ਪੇਸ਼ ਘਟਨਾਵਾਂ ਨਕਸਲਵਾਦ ਲਹਿਰ ਨਾਲ ਜੁੜੇ ਲੋਕਾਂ ਦੀਆਂ ਮੁਸੀਬਤਾਂ ਨੂੰ ਬਿਆਨ ਕਰਦੀਆਂ ਹਨ। ਨਕਸਲਵਾਦੀ ਲਹਿਰ ਦਾ ਪ੍ਰਭਾਵ ਆਮ ਲੋਕਾਂ ’ਤੇ ਵਧੇਰੇ ਪਿਆ। ਆਮ ਲੋਕਾਂ ਨੂੰ ਨਕਸਲੀ ਲਹਿਰ ਦੇ ਪ੍ਰਭਾਵ ਕਾਰਨ, ਜਾਨ-ਮਾਲ ਨੂੰ ਗਵਾਉਣਾ ਪਿਆ ਜਿਸ ਕਾਰਨ ਆਮ ਲੋਕ ਆਰਥਿਕ ਮੰਦਹਾਲੀ ਦੇ ਸ਼ਿਕਾਰ ਵੀ ਬਣੇ। ਇੱਕ ਪਾਸੇ ਤਾਂ ਨਕਸਲੀ ਲਹਿਰ ਨੇ ਆਮ ਲੋਕਾਂ ਨੂੰ ਪਰੇਸ਼ਾਨ ਕੀਤਾ ਦੂਜੇ ਪੁਲਿਸ ਮੁਲਾਜ਼ਮਾਂ ਦੀ ਹਨੇਰ ਗਰਦੀ ਤੇ ਧੱਕੇਸ਼ਾਹੀ ਨੇ ਆਮ ਲੋਕਾਂ ਨੂੰ ਹੋਰ ਸਮੱਸਿਆਵਾਂ ਵਿਚ ਨਪੀੜਿਆ। ਪੁਲਿਸ ਦਾ ਦਬਾਅ ਤੇ ਨਕਸਲੀ ਕਾਰਕੁੰਨਾਂ ਦੇ ਹਮਲਿਆਂ ਨਾਲ ਲੋਕ ਸਹਿਮੇ-ਸਹਿਮੇ ਰਹਿਣ ਲੱਗੇ।

ਅਜੋਕੇ ਭਾਰਤੀ ਸਮਾਜ ਵਿਚ ਨਕਸਲਵਾਦ ਇੱਕ ਖ਼ਤਰਨਾਕ ਰੂਪ ਅਖ਼ਤਿਆਰ ਕਰ ਚੁੱਕੀ ਹੈ। ਬੇਸ਼ੱਕ ਨਕਸਲਵਾਦੀ, ਰਾਜਨੀਤਿਕ ਪਾਰਟੀਆਂ ਦੀ ਘਟੀਆ ਕਾਰਗੁਜ਼ਾਰੀ ਕਾਰਨ, ਸਮਾਜ ਵਿਚ ਦਹਿਸ਼ਤ ਭਰਿਆ ਮਾਹੌਲ ਬਣਾਉਂਦੇ ਹਨ ਪਰ ਇਸ ਦਾ ਜ਼ਿਆਦਾ ਖ਼ਾਮਿਆਜ਼ਾ ਰਾਜਨੀਤਿਕ ਪਾਰਟੀਆਂ ਨਹੀਂ ਬਲਕਿ ਆਮ ਲੋਕਾਂ ਜਾਂ ਕਿਸਾਨਾਂ ਨੂੰ ਭੁਗਤਣਾ ਪੈਂਦਾ ਹੈ।

ਇਸ ਪ੍ਰਕਾਰ ਇਸ ਖੋਜ ਕਾਰਜ ਦਾ ਪਹਿਲਾ ਅਧਿਆਇ ਵਿਸ਼ੇ ਦੀ ਜਾਣਕਾਰੀ ਦੇ ਨਾਲ-ਨਾਲ, ਹਥਲੇ ਖੋਜ

ਕਾਰਜ ਲਈ ਵਰਤੋਂ 'ਚ ਲਿਆਂਦੀ ਖੋਜ ਵਿਧੀ ਦੀ ਚਰਚਾ ਕਰਦਾ ਹੈ। ਇਸ ਤੋਂ ਇਲਾਵਾ ਲੇਖਕ ਦੇ ਜੀਵਨ ਤੇ ਰਚਨਾ ਦੀ ਰਸਮੀ ਜਾਣਕਾਰੀ ਵੀ ਇਸ ਵਿੱਚ ਸੰਮਲਿਤ ਕੀਤੀ ਗਈ ਹੈ।

ਖੋਜ ਕਾਰਜ ਦੇ ਦੂਜੇ ਅਧਿਆਇ ਵਿਚ ਪੰਜਾਬ ਦੇ ਨਕਸਲੀ ਲਹਿਰ ਵਿਚ ਨਕਸਲਵਾਦ ਸਿਧਾਂਤ ਦੀ ਉਸਾਰੀ ਕੀਤੀ ਗਈ ਹੈ। ਇਸ ਅਧਿਆਇ ਵਿਚ ਸਿਧਾਂਤਕ ਪਰਿਪੇਖ ਦੇ ਨਾਲ-ਨਾਲ ਨਕਸਲਵਾਦ ਦੇ ਇਤਿਹਾਸ ਨੂੰ ਵੀ ਉਲਿਕਿਆ ਗਿਆ ਹੈ। ਇਤਿਹਾਸ ਨਿਰਜਿੰਦ ਵਰਤਾਰਾ ਨਹੀਂ ਹੁੰਦਾ ਸਗੋਂ ਅਨੁਸ਼ਾਸਨਾਂ ਨਾਲ ਅੰਤਰ ਸੰਵਾਦ ਹੁੰਦਾ ਹੈ। ਇਸ ਲਈ ਇਤਿਹਾਸ ਦੇ ਪ੍ਰਭਾਵ ਸਮਕਾਲ 'ਤੇ ਸਾਫ਼ ਮਿਲਦੇ ਹਨ। ਇਸ ਤੱਥ ਦੀ ਸਾਰਥਕਤਾ ਨੂੰ ਸਮਝਦੇ ਹੋਏ ਇਸ ਅਧਿਆਇ ਦੀ ਸਿਰਜਨਾ ਕੀਤੀ ਗਈ ਹੈ।

ਤੀਜੇ ਅਧਿਆਇ ਵਿਚ 'ਬਲਬੀਰ ਪਰਵਾਨਾ ਦਾ ਨਾਵਲ ਸਿਮਟਦਾ ਅਕਾਸ਼ ਅਤੇ ਨਕਸਲੀ ਲਹਿਰ' ਦੇ ਅੰਤਰਗਤ ਨਾਵਲ ਵਿਚ ਉਤਪੰਨ ਸਮੱਸਿਆਵਾਂ, 1947 ਦੀਆਂ ਸਮੱਸਿਆਵਾਂ, ਬੇਰੁਜ਼ਗਾਰੀ ਦੀਆਂ ਸਮੱਸਿਆਵਾਂ, ਤੇ ਪਰਿਵਾਰਕ ਟੁੱਟ ਭੱਜ ਸਬੰਧੀ ਵਿਚਾਰ ਚਰਚਾ ਕੀਤੀ ਗਈ ਹੈ।

ਚੌਥੇ ਅਧਿਆਇ 'ਪੰਜਾਬ ਵਿਚ ਨਕਸਲੀ ਲਹਿਰ ਦੀ ਸਮਕਾਲੀ ਸਥਿਤੀ' ਵਿਚ ਨਾਵਲ ਤੇ ਆਧਾਰਿਤ ਨਕਸਲਵਾਦ ਦੀ ਸਮਕਾਲੀ ਸਥਿਤੀ ਨੂੰ ਪੇਸ਼ ਕੀਤਾ ਹੈ ਜਿਸ ਵਿਚ ਪੰਜਾਬ ਦੀ ਰਾਜਨੀਤਿਕ, ਆਰਥਿਕ ਅਤੇ ਘਰੇਲੂ ਜੀਵਨ ਵਿਚ ਆਈਆਂ ਸਮੱਸਿਆਵਾਂ ਦੀ ਪੇਸ਼ਕਾਰੀ ਮਿਲਦੀ ਹੈ। ਅੰਤ ਵਿਚ ਸਮੁੱਚੇ ਅਧਿਐਨ ਦਾ ਨਿਸ਼ਕਰਸ਼ ਪੇਸ਼ ਕੀਤਾ ਗਿਆ ਹੈ।

## 1.1 ਉਦੇਸ਼

ਕੋਈ ਵੀ ਖੋਜ ਕਾਰਜ ਉਦੇਸ਼ ਵਿਹੂਣਾ ਨਹੀਂ ਹੁੰਦਾ ਹੈ। ਉਦੇਸ਼ ਬਿਨ੍ਹਾਂ ਖੋਜ ਦੀ ਸਾਰਥਕਤਾ ਹੀ ਖਤਮ ਹੋ ਜਾਂਦੀ ਹੈ। ਇਸ ਲਈ ਹੇਠਾਂ ਦਿੱਤੇ ਉਦੇਸ਼ ਇਸ ਖੋਜ ਕਾਰਜ ਦੇ ਉਲੀਕਣ ਦੇ ਸੰਦਰਭਾਂ ਦੀ ਪੂਰਤੀ ਕਰਦੇ ਹਨ:-

1. ਨਕਸਲੀ ਲਹਿਰ ਦਾ ਪੰਜਾਬ ਦੇ ਸੰਦਰਭ 'ਚ ਇਤਿਹਾਸਿਕ ਅਧਿਐਨ ਕਰਨਾ

2. ਸਿਮਟਦਾ ਆਕਾਸ਼ ਨਾਵਲ ਦੇ ਆਧਾਰ 'ਤੇ ਨਕਸਲੀ ਲਹਿਰ ਦੇ ਪੰਜਾਬ ਉੱਤੇ ਪ੍ਰਭਾਵਾਂ ਦਾ ਅਧਿਐਨ ਕਰਨਾ

## 1.2 ਖੋਜ ਵਿਧੀ

ਕਿਸੇ ਵੀ ਖੋਜ ਨੂੰ ਪੂਰਾ ਕਰਨ ਲਈ ਉਸ ਲਈ ਕੋਈ ਨਾ ਕੋਈ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ ਇਸ ਖੋਜ ਕਾਰਜ ਲਈ ਮਾਰਕਸਵਾਦ ਅਤੇ ਸਮਾਜਵਾਦ ਵਿਧੀ ਢੁਕਵੀਂ ਰਹੇਗੀ ਕਿਉਂਕਿ ਬਲਵੀਰ ਪਰਵਾਨਾ ਦਾ ਨਾਵਲ 'ਸਿਮਟਦਾ ਆਕਾਸ਼' ਪੰਜਾਬ ਵਿਚ ਨਕਸਲਵਾਦ ਲਹਿਰ ਦੇ ਪ੍ਰਭਾਵਾਂ ਨੂੰ ਪੇਸ਼ ਕਰਦਾ ਹੈ। ਇਸ ਦੇ ਤੀਜੇ ਅਧਿਆਇ ਵਿਚ ਮਾਰਕਸਵਾਦ ਵਿਧੀ ਦਾ ਪ੍ਰਯੋਗ ਕੀਤਾ ਗਿਆ ਹੈ ਕਿਉਂਕਿ ਇਸ ਵਿਚ ਮਨੁੱਖੀ ਸੱਮਸਿਆਵਾਂ ਦਾ ਵੇਰਵਾ ਹੈ। ਜਿਸ ਨੂੰ ਸਮਾਜ-ਸਾਸ਼ਤਰੀ ਪੱਖ ਤੋਂ ਗ੍ਰਹਿਣ ਕਰਨਾ ਲਾਜ਼ਮੀ ਬਣਦਾ ਹੈ। ਇਸ ਤੋਂ ਇਲਾਵਾ ਸਮਾਜਵਾਦ ਵਿਧੀ ਦਾ ਪ੍ਰਯੋਗ ਕੀਤਾ ਜਿਸ ਵਿਚ ਸਮਾਜ ਨੂੰ ਹੁੰਗਾਰਾਂ ਜਾਂ ਉਤਸ਼ਾਹ ਦੇਣ ਦੀ ਗੱਲ ਕੀਤੀ ਜਾਂਦੀ ਹੈ।

ਇਸ ਖੋਜ ਕਾਰਜ ਵਿਚ ਇਤਿਹਾਸਕ ਵਿਧੀ ਦੀ ਵਰਤੋਂ ਵੀ ਕੀਤੀ ਜਾਵੇਗੀ ਕਿਉਂਕਿ ਇਤਿਹਾਸ ਦੀ ਬਦੌਲਤ ਹੀ ਸਮਕਾਲ ਸਿਰਜਨਾ ਹੁੰਦੀ ਹੈ ਅਤੇ ਨਕਸਲੀ ਲਹਿਰ ਦੇ ਇਤਿਹਾਸਕ ਪ੍ਰਭਾਵਾਂ ਨੂੰ ਗ੍ਰਹਿਣ ਕਰਨ ਲਈ ਇਹ ਵਿਧੀ ਢੁੱਕਵੀ ਰਹੇਗੀ।

## 1.3 ਪੂਰਵ ਖੋਜ ਕਾਰਜ

ਜਦੋਂ ਪੰਜਾਬੀ ਖੋਜ ਕਾਰਜ ਦਾ ਜ਼ਿਕਰ ਕੀਤਾ ਜਾਂਦਾ ਹੈ ਤਾਂ ਪੰਜਾਬੀ ਵਿਚ ਅਨੇਕਾਂ ਉਪਲਬਧੀਆਂ ਲਈ ਕੀਤਾ ਖੋਜ ਕਾਰਜ ਸਾਡੇ ਸਾਹਮਣੇ ਪ੍ਰਸਤੁਤ ਹੁੰਦਾ ਹੈ। ਹਥਲੇ ਖੋਜ ਕਾਰਜ ਵਿਚ ਬਲਬੀਰ ਪਰਵਾਨਾ ਦੇ ਨਵੇਂ ਨਾਵਲ 'ਸਿਮਟਦਾ ਆਕਾਸ਼' ਨੂੰ ਆਧਾਰ ਬਣਾ ਕੇ ਖੋਜ ਕਾਰਜ ਕੀਤਾ ਗਿਆ ਹੈ ਜੋ ਕਿ ਨਕਸਲੀ ਲਹਿਰ ਨਾਲ ਸੰਬੰਧਿਤ

ਹੈ। ਇਸ ਤੋਂ ਇਲਾਵਾ ਇਸ ਪ੍ਰਕਾਰ ਦੀ ਖੋਜ ਨਾਲ ਸੰਬੰਧਿਤ ਹੋਏ ਖੋਜ ਕਾਰਜ ਉੱਪਰ ਚਰਚਾ ਕਰਦੇ ਹਾਂ :-

*1.ਪੰਜਾਬੀ ਨਾਵਲ ਵਿਚ ਪੁਲਿਸ ਦੀ ਭੂਮਿਕਾ: ਇੱਕ ਆਲੋਚਨਾਤਮਕ ਅਧਿਐਨ*

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ (ਪੰਜਾਬ)

ਇਸ ਖੋਜ ਕਾਰਜ ਵਿਚ ਪੁਲਿਸ ਮਹਿਕਮੇ ਦੀ ਭੂਮਿਕਾ ਦਾ ਆਲੋਚਨਾਤਮਕ ਅਧਿਐਨ ਪੇਸ਼ ਕੀਤਾ ਗਿਆ ਹੈ। ਅਜੋਕੀ ਪੁਲਿਸ ਵੀ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ 1947 ਵਿਚ ਸੀ। ਉਸ ਸਮੇਂ ਵੀ ਪੁਲਿਸ ਲੋਕਾਂ ’ਤੇ ਅੱਤਿਆਚਾਰ ਕਰਦੀ ਸੀ। ਉਸੇ ਤਰ੍ਹਾਂ ਅੱਜ ਵੀ ਪੁਲਿਸ ਦੁਆਰਾ ਲੋਕਾਂ ’ਤੇ ਅੱਤਿਆਚਾਰ ਕੀਤੇ ਜਾਂਦੇ ਹਨ। ਉਸ ਸਮੇਂ ਕੰਮ ਲੈਣ ਗਏ ਨੌਜਵਾਨ ਨੂੰ ਮਾਰਿਆ ਜਾਂਦਾ ਸੀ। ਅੱਜ ਬੇਸ਼ੱਕ ਉਸ ਦੇ ਉਲਟ ਹੈ। ਪਰ ਅੱਜ ਪੁਲਿਸ ਆਪਣੀ ਤਰੱਕੀ ਲਈ ਲੋਕਾਂ ਨੂੰ ਮਾਰ ਦਿੰਦੀ ਹਨ। ਇਸ ਖੋਜ ਕਾਰਜ ਵਿੱਚ ਪੁਲਿਸ ਦੇ ਨਕਾਰਾਤਮਕ ਪੱਖਾਂ ਨੂੰ ਵਧੇਰੇ ਉਜਾਗਰ ਕੀਤਾ ਗਿਆ ਹੈ।

2. ਨਕਸਲਬਾੜੀ ਲਹਿਰ ਨਾਲ ਸੰਬੰਧਿਤ ਪੰਜਾਬੀ ਨਾਵਲ ਦਾ ਇਤਿਹਾਸ ਅਤੇ ਬਿਰਤਾਂਤ ਦਾ ਅੰਤਰ ਸੰਵਾਦ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ (ਪੰਜਾਬ)

ਇਸ ਖੋਜ ਕਾਰਜ ਵਿਚ ਖੋਜਾਰਥੀ ਨੇ ਨਕਸਲਬਾੜੀ ਲਹਿਰ ਨਾਲ ਸੰਬੰਧਿਤ ਨਾਵਲਾਂ ਵਿਚ ਇਤਿਹਾਸ ਤੇ ਬਿਰਤਾਂਤ ਦੇ ਵੱਖ-ਵੱਖ ਭਾਂਤ ਦੇ ਸੰਗਠਨਾਂ ਨੂੰ ਪੇਸ਼ ਕੀਤਾ ਹੈ। ਇਤਿਹਾਸ ਵਿਚ ਵਿਚਾਰਧਾਰਾ, ਇਤਿਹਾਸਿਕ ਘਟਨਾਵਾਂ ਤੇ ਕਾਲਪਨਿਕ ਪਾਤਰ ਉੱਪਰ ਜ਼ਿਆਦਾ ਬਲ ਦਿੱਤਾ ਹੈ ਤੇ ਬਿਰਤਾਂਤ ਨੂੰ ਆਪਸ ਵਿਚ ਜੁੜੀਆਂ ਘਟਨਾਵਾਂ ਨੂੰ ਪਾਠਕ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਖੋਜਾਰਥੀ ਨੇ ਅਲੱਗ ਅਲੱਗ ਨਕਸਲਬਾੜੀ ਨਾਲ ਸੰਬੰਧਿਤ ਵਿਦਵਾਨਾਂ ਦੇ ਨਾਵਲ ਉੱਪਰ ਚਰਚਾ ਕੀਤੀ ਹੈ। ਨਕਸਲਬਾੜੀ ਦੇ ਇਤਿਹਾਸ ਤੇ ਬਿਰਤਾਂਤ ਦੇ ਅੰਤਰ ਨੂੰ ਨਾਵਲ ਵਿਚ ਪੇਸ਼ ਕੀਤਾ ਹੈ।

## 1.4 ਨਾਵਲ ਦਾ ਨਿਕਾਸ

" ਨਾਵਲ ਸ਼ਬਦ ਇਟਾਲੀਅਨ ਸ਼ਬਦ ਨੌਵੈਲਾ (novella) ਤੋਂ ਬਣਿਆ ਹੈ। ਜਿਸ ਦਾ ਅਰਥ ਹੈ ਬਾਤ ਜਾਂ ਕਹਾਣੀ। ਜਿਸ ਵਿਚ ਜੀਵਨ ਵਿੱਚੋਂ ਪਾਤਰ ਲੈ ਕੇ ਉਹਨਾਂ ਦੇ ਕਰਮ ਬਾਰੇ ਸਮਾਜਕ ਦ੍ਰਿਸ਼ਟੀਕੋਣ ਤੋਂ ਟਿੱਪਣੀ ਕੀਤੀ ਹੁੰਦੀ ਹੈ। ਨਾਵਲ ਗਲਪ ਸਾਹਿਤ ਦਾ ਇੱਕ ਪ੍ਰਮੁੱਖ ਅੰਗ ਹੈ। ਗਲਪ ਦੇ ਅਰਥ ਹਨ ਕਲਪਿਤ ਰਚਨਾ"[2] ਭਾਵ ਨਾਵਲ ਵਿਚ ਕਲਪਨਾ ਦਾ ਸਹਾਰਾ ਲੈ ਕੇ ਘਟਨਾਵਾਂ ਨੂੰ ਇਸ ਜੁਗਤ ਨਾਲ ਪੇਸ਼ ਕੀਤਾ ਜਾਂਦਾ ਕਿ ਉਸਦੀ ਪੇਸ਼ਕਾਰੀ ਯਥਾਰਥਕ ਪ੍ਰਤੀਤ ਹੋਵੇ। ਦੁਨੀਆ ਭਰ ਵਿੱਚ ਅਨੇਕ ਨਾਵਲ ਲਿਖੇ ਗਏ। ਪੰਜਾਬੀ ਨਾਵਲ ਦੀ ਆਧਾਰ-ਸੰਰਚਨਾ ਵਿਚ ਬਹੁਤ ਸਾਰੀਆਂ ਸਾਹਿਤਕ-ਰੂੜ੍ਹੀਆਂ ਪੰਜਾਬੀ ਸਭਿਆਚਾਰ ਵਿਚੋਂ ਆਈਆਂ ਹਨ, ਇਸ ਕਾਰਨ ਇਹ ਸਾਹਿਤ ਰੂਪ ਪੰਜਾਬੀ ਪਾਠਕਾਂ ਨੂੰ ਕਦੇ ਵੀ ਓਪਰਾ ਮਹਿਸੂਸ ਨਹੀਂ ਹੋਇਆ।

" ਨਾਵਲ ਸਾਹਿਤ ਰੂਪ ਦਾ ਆਰੰਭ ਜਾਨ ਬੁਨੀਅਨ ਦੀ ਇੱਕ ਰਚਨਾ 'ਪਿਲਗ੍ਰਿਮਜ਼ ਪ੍ਰਾਗਰੈਸ' 1968 ਵਿਚ ਮੰਨਿਆਂ ਜਾਂਦਾ ਹੈ। ਇਹ ਨਾਵਲ ਬਾਈਬਲ ਵਾਂਗ ਅੰਗਰੇਜ਼ਾਂ ਦੇ ਖ਼ੂਨ ਵਿੱਚ ਰਚ ਚੁੱਕਾ ਸੀ। ਇਹ ਨਾਵਲ ਪੂਰੇ ਯੂਰਪ ਵਿੱਚ ਬਹੁਤ ਪ੍ਰਸਿੱਧ ਹੋਇਆ। ਡੇਫੋ ਦੇ ਨਾਵਲ 'ਰਾਬਿਨਸਨ ਕਰੂਸੋ' ਦੀ ਪ੍ਰਕਾਸ਼ਨਾਂ ਨਾਲ ਇਸ ਸਾਹਿਤ ਰੂਪ ਨੇ ਆਪਣੀ ਵਿਸ਼ੇਸ਼ ਪਹਿਚਾਣ ਬਣਾ ਲਈ ਸੀ। ਬੁਨੀਅਨ ਦੀ ਰਚਨਾ, ਨਾਵਲ ਦੀ ਬਜਾਇ ਇੱਕ ਦ੍ਰਿਸ਼ਟਾਂਤ-ਕਥਾ ਵਧੇਰੇ ਹੈ"[3]।

ਭਾਰਤੀ ਨਾਵਲ ਅੰਗਰੇਜ਼ੀ ਨਾਵਲ ਦੇ ਪ੍ਰਭਾਵ ਅਧੀਨ ਉਤਪੰਨ ਹੋਇਆ ਹੈ। ਨਾਵਲ ਵਿਅਕਤੀ ਦੇ ਸਮਾਜ ਤੇ ਪ੍ਰਕ੍ਰਿਤੀ ਵਿਰੁੱਧ ਘੋਲ ਨੂੰ ਮਹਾਂ-ਕਾਵਿਕ ਪੱਧਰ ਤੇ ਚਿਤਰਦਾ ਹੈ। ਨਾਵਲ ਵਰਗੇ ਵਾਰਤਕ ਰੂਪ ਇਸ ਸਮੇਂ ਤੋਂ ਮਗਰੋਂ ਹੀ ਰਚੇ ਜਾਣੇ ਸੰਭਵ ਹੋਏ। 'ਪੰਜਾਬੀ ਭਾਸ਼ਾ ਵਿਚ ਛਪਿਆ ਪਹਿਲਾ ਨਾਵਲ ਜਾਨ ਬੁਨੀਅਨ ਦੀ ਉਕਤ-ਵਰਣਿਤ ਰਚਨਾ 'ਪਿਲਗ੍ਰਿਮਜ਼ ਪ੍ਰਾਗਰੈਸ' ਦਾ ਅਨੁਵਾਦ 'ਯਿਸੂਈ ਮੁਸਾਫ਼ਰ ਦੀ ਯਾਤਰਾ' ਹੈ "ਜੋ ਪਹਿਲੀ ਵਾਰ

[2] ਬ੍ਰਹਮਜਗਦੀਸ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 72

[3] ਜੰਗ ਬਹਾਦੁਰ ਗੋਇਲ, ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ, ਪੰਨਾ 3

1859 ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਉਪਰੰਤ ਦੂਜਾ ਨਾਵਲ 'ਜਯੋਤਿਰੁਦਯ'1882 ਈ. ਵਿਚ ਛਪਿਆ।"[4]

" ਭਾਰਤ ਵਿਚ ਮੌਲਿਕ ਨਾਵਲ ਦੀ ਰਚਨਾ 1881 ਈ. ਵਿਚ ਪ੍ਰਕਾਸ਼ਿਤ ਹੋਏ ਬੰਕਿਮ ਚੰਦਰ ਚੈਟਰਜੀ ਦੀ ਰਚਨਾ 'ਆਨੰਦ ਮਠ' ਨਾਲ ਸ਼ੁਰੂ ਹੋਈ"[5]। ਪੰਜਾਬੀ ਦੇ ਮੁੱਢਲੇ ਨਾਵਲਕਾਰ ਨਾਨਕ ਸਿੰਘ ਨੂੰ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਪੜ੍ਹ ਕੇ ਨਾਵਲ ਲਿਖਣ ਦੀ ਪ੍ਰੇਰਨਾ ਪ੍ਰਾਪਤ ਹੋਈ। ਪੰਜਾਬੀ ਨਾਵਲ ਵਿਚ ਭਾਈ ਵੀਰ ਸਿੰਘ ਦਾ ਵੀ ਬਹੁਤ ਵੱਡਾ ਯੋਗਦਾਨ ਹੈ ਉਨ੍ਹਾਂ ਨੇ ਸਿੱਖ ਧਰਮ ਨਾਲ ਸੰਬੰਧਿਤ ਨਾਵਲ ਸਿਰਜੇ। ਭਾਈ ਵੀਰ ਸਿੰਘ ਦਾ ਨਾਵਲ ਲਿਖਣ ਦਾ ਸਫ਼ਰ 'ਸੁੰਦਰੀ' ਨਾਵਲ ਦੇ ਪ੍ਰਕਾਸ਼ਨ ਨਾਲ ਆਰੰਭ ਹੁੰਦਾ ਹੈ। ਭਾਈ ਵੀਰ ਸਿੰਘ ਨੇ ਜਿੰਨੇ ਵੀ ਨਾਵਲ ਲਿਖੇ ਉਨ੍ਹਾਂ ਦਾ ਕੇਂਦਰੀ ਵਿਸ਼ਾ ਧਰਮ ਨਾਲ ਹੀ ਜੁੜਿਆ ਹੈ। ਭਾਈ ਵੀਰ ਸਿੰਘ ਨੇ ਨਾਵਲ ਧਾਰਮਿਕ ਪ੍ਰਚਾਰ ਲਈ ਲਿਖੇ। '18ਵੀਂ ਸਦੀ ਦੇ ਇਤਿਹਾਸ ਨੂੰ ਵਿਸ਼ਾ-ਵਸਤੂ ਬਣਾ ਕੇ ਭਾਈ ਵੀਰ ਸਿੰਘ ਨੇ ਪੰਜਾਬੀ ਦੇ ਪਹਿਲੇ ਨਾਵਲ 'ਸੁੰਦਰੀ', ਸਤਵੰਤ ਕੌਰ', ਤੇ 'ਬਿਜੈ ਸਿੰਘ' ਲਿਖੇ। ਉਨ੍ਹਾਂ ਦਾ ਲਿਖਣ ਦਾ ਮਕਸਦ ਸਿੱਖ ਧਰਮ ਵਿਚ ਆ ਰਹੇ ਗਿਰਾਵਟ ਨੂੰ ਰੋਕਣਾ ਸੀ।'[6]

ਨਾਨਕ ਸਿੰਘ ਪੰਜਾਬੀ ਨਾਵਲ ਦੇ ਖੇਤਰ ਵਿਚ ਬਹੁਤ ਵੱਡਾ ਨਾਵਲਕਾਰ ਹੋਇਆ ਹੈ ਜਿਸ ਨੇ ਸਭ ਤੋਂ ਵੱਧ ਨਾਵਲ ਲਿਖੇ ਹਨ। ਨਾਨਕ ਸਿੰਘ ਦੇ ਨਾਵਲਾਂ ਨਾਲ ਪੰਜਾਬੀ ਨਾਵਲ ਵਿਚ ਇੱਕ ਨਵਾਂ ਮੋੜ ਆਇਆ ਕਿਉਂਕਿ ਉਹ ਪੰਜਾਬੀ ਦਾ ਸਭ ਤੋਂ ਵੱਡਾ ਸੁਧਾਰਵਾਦੀ ਨਾਵਲਕਾਰ ਹੈ ਉਸ ਨੇ ਆਪਣੇ ਨਾਵਲਾਂ ਵਿਚ ਸਮਾਜਕ ਕੁਰੀਤੀਆਂ, ਵਿਧਵਾ ਵਿਆਹ, ਛੂਤ-ਛਾਤ, ਬਾਲ ਵਿਆਹ, ਨਸ਼ਿਆਂ ਦੀ ਨਿਖੇਧੀ, ਵੱਢੀ ਖੋਰੀ ਆਦਿ ਸਮੱਸਿਆਵਾਂ ਨੂੰ ਵਿਸ਼ਾ ਬਣਾਇਆ। 'ਪੰਜਾਬ ਦਾ ਵੱਡਾ ਨਾਵਲਕਾਰ ਜਸਵੰਤ ਸਿੰਘ ਕੰਵਲ ਮਾਰਕਸਵਾਦੀ ਦ੍ਰਿਸ਼ਟੀਕੋਣ ਵਾਲਾ ਨਾਵਲਕਾਰ ਹੈ। ਜਸਵੰਤ ਸਿੰਘ ਕੰਵਲ ਦੀ ਪੰਜਾਬੀ ਨਾਵਲ ਨੂੰ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਸ ਨੇ ਮਾਲਵੇ

---

[4] ਬ੍ਰਹਮਜਗਦੀਸ਼, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 73

[5] ਡਾ. ਸੁਰਿੰਦਰ ਸਿੰਘ ਦੁਸਾਂਝ, ਪੰਜਾਬੀ ਇਤਿਹਾਸਿਕ ਨਾਵਲ, ਪੰਨਾ 23

[6] ਕਿਰਪਾਲ ਸਿੰਘ ਕਸੇਲ ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ 378

ਦੇ ਪੇਂਡੂ ਜੀਵਨ ਨੂੰ ਪਹਿਲੇ ਵਾਲੀ ਪੰਜਾਬੀ ਨਾਵਲ ਦਾ ਵਿਸ਼ਾ ਬਣਾਇਆ ਹੈ। 'ਹਾਣੀ' ਅਤੇ 'ਪੂਰਨਮਾਸ਼ੀ' ਨਾਵਲਾਂ ਵਿਚ ਉਸ ਨੇ ਪੇਂਡੂ ਜੀਵਨ ਨਾਲ ਸਬੰਧਿਤ ਆਰਥਕ, ਸਮਾਜਕ, ਸਦਾਚਾਰਕ ਤੇ ਧਾਰਮਿਕ ਸਾਰੇ ਪੱਖਾਂ ਤੋਂ ਗੱਲ ਕੀਤੀ ਹੈ'।[7] ਇਨ੍ਹਾਂ ਤੋਂ ਬਾਅਦ ਹੋਰ ਕਈ ਨਾਵਲਕਾਰ ਹਨ। ਨਾਵਲ ਦੇ ਸੰਬੰਧ ਵਿਚ ਬਹੁਤ ਸਾਰੇ ਵਿਦਵਾਨਾਂ ਨੇ ਵੱਖ-ਵੱਖ ਪਰਿਭਾਸ਼ਾਵਾਂ ਦਿੱਤੀਆਂ ਹਨ ਜਿਵੇਂ:

ਡਾ. ਰਤਨ ਜੱਗੀ ਰਤਨ ਕੋਸ਼ ਵਿਚ ਲਿਖਦੇ ਹਨ ਕਿ ਇਹ ਸਾਹਿਤ ਦਾ ਉਹ ਗੱਦ ਰੂਪ ਹੈ ਜਿਸ ਵਿਚ ਘਟਨਾ ਜਾਂ ਘਟਨਾਵਾਂ ਦਾ ਕ੍ਰਮ ਜਿਹੜੀਆਂ ਇੱਕ ਜਾਂ ਕਈ ਪਾਤਰਾਂ ਨਾਲ ਵਾਪਰੀਆਂ ਹੁੰਦੀਆਂ ਹਨ।

ਡਾ. ਜੋਗਿੰਦਰ ਸਿੰਘ ਅਨੁਸਾਰ: ਨਾਵਲ ਇੱਕ ਲੰਮੀ ਗੱਦ ਕਥਾ ਦੇ ਰੂਪ ਵਿਚ ਯਥਾਰਥ ਦੇ ਚਿਤ੍ਰਣ ਨਾਲ ਸੰਬੰਧਿਤ ਸੰਭਾਵਨਾਵਾਂ ਵਾਲਾ ਰੂਪ ਹੈ।”[8]

ਨਾਵਲ ਨੂੰ ਪੂੰਜੀਵਾਦੀ ਯੁਗ ਦੇ ਮਹਾਂਕਾਵਿ ਨਾਲ ਸਮਾਨਤਾ ਦਿੱਤੀ ਜਾਂਦੀ ਹੈ। ਇਹ ਮੰਨਿਆ ਗਿਆ ਹੈ ਕਿ ਜਿੰਨੀ ਪ੍ਰਮਾਣਿਕਤਾ ਅਤੇ ਸਫਲਤਾ ਨਾਲ ਨਾਵਲ ਨੇ ਪੂੰਜੀਵਾਦੀ ਯੁੱਗ ਦੀ ਆਲੋਚਨਾਤਮਕ ਤਸਵੀਰ ਪੇਸ਼ ਕੀਤੀ ਹੈ, ਹੋਰ ਕੋਈ ਸਾਹਿਤ ਰੂਪ ਉਂਨ੍ਹੀ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਿਆ। ਮੱਧ ਯੁੱਗ ਵਿਚ ਇਹੀ ਰੋਲ ਮਹਾਂਕਾਵਿ ਨੇ ਨਿਭਾਇਆ ਸੀ, ਪਰ ਧਿਆਨਯੋਗ ਤੱਥ ਇਹ ਹੈ ਕਿ ਮਹਾਂਕਾਵਿ ਨੇ ਆਪਣੇ ਯੁਗ ਦੇ ਜੀਵਨੁਮੁੱਲਾਂ ਨੂੰ ਸਵੀਕ੍ਰਿਤੀ ਅਤੇ ਇਕਸੁਰਤਾ ਦੇ ਅੰਦਾਜ਼ ਵਿਚ ਪੇਸ਼ ਕੀਤਾ, ਜਦੋਂ ਕਿ ਨਾਵਲ ਇਸ ਨੂੰ ਆਲੋਚਨਾਤਮਕ ਅਤੇ ਪ੍ਰਤਿਰੋਧ ਦੇ ਨਜ਼ਰੀਏ ਨਾਲ ਪੇਸ਼ ਕਰਦਾ ਹੈ।

ਵੱਖਰੇ-ਵੱਖਰੇ ਸਮੇਂ ਵਿਚ 'ਨਾਵਲ' ਸ਼ਬਦ ਕਈ ਪ੍ਰਕਾਰ ਦੀਆਂ ਰਚਨਾਵਾਂ ਲਈ ਪ੍ਰਯੋਗ ਕੀਤਾ ਜਾਣ ਲੱਗ ਪਿਆ। ਪਰ ਉੱਨ੍ਹੀਵੀਂ ਸਦੀ ਵਿਚ ਪਹੁੰਚ ਕੇ ਨਾਵਲ ਦਾ ਸੰਕਲਪ ਕਾਫ਼ੀ ਵਿਸ਼ਾਲ ਹੋ ਗਿਆ। ਇਸ ਸਦੀਂ

---

[7] ਕਿਸ਼ਨ ਸਿੰਘ, ਗੁਰਦਿਆਲ ਸਿੰਘ ਦੀ ਨਾਵਲ ਚੇਤਨਾ, ਪੰਨਾ 138

[8] ਡਾ. ਲੱਕੀ ਸ਼ਰਮਾ, ਪ੍ਰਮੁੱਖ ਪੰਜਾਬੀ ਨਾਵਲ, ਸਿਧਾਂਤ ਤੇ ਚਿੰਤਨ, ਪੰਨਾ 14

ਤੋਂ ਬਾਅਦ ਨਾਵਲ ਸ਼ਬਦ ਦੀ ਵਰਤੋਂ ਕਥਾਨਕ ਦੁਆਰਾ ਕਲਾਤਮਕ ਵਿਉਂਤਬੰਦੀ ਵਿਚ ਬੰਨੀ ਕਿਸੇ ਕਹਾਣੀ ਲਈ ਕੀਤਾ ਜਾਣ ਲੱਗ ਪਿਆ। ਅਸਲ ਵਿਚ ਕਥਾਨਕ ਤੋਂ ਬਿਨਾਂ ਨਾਵਲ ਦੀ ਸਿਰਜਣਾ ਹੀ ਨਹੀਂ ਕੀਤੀ ਜਾ ਸਕਦੀ। ਕਿਸੇ ਵੀ ਕਹਾਣੀ ਵਿਚ 'ਅੱਗੇ ਕੀ ਹੋਵੇਗਾ' ਦੀ ਉਤਸੁਕਤਾ ਪਾਠਕ ਨੂੰ ਆਪਣੇ ਨਾਲ ਜੋੜੀ ਰੱਖਦੀ ਹੈ। ਨਾਵਲ ਵਿਚ ਪਾਠਕ ਜਦੋਂ ਕਿਸੇ ਪਾਤਰ ਦੇ ਜੀਵਨ ਵਿਚ ਦਿਲਚਸਪੀ ਲੈਣ ਲੱਗਦਾ ਹੈ ਤਾਂ ਉਸ ਦੀ ਸੋਚ ਵਿਚ ਇਹੀ ਨੁਕਤਾ ਅੜਿਆ ਰਹਿੰਦਾ ਹੈ ਕਿ ਅੱਗੋਂ ਇਸ ਪਾਤਰ ਦੇ ਜੀਵਨ ਵਿਚ ਕੀ ਹੋਵੇਗਾ? ਨਾਵਲਕਾਰ ਨੇ ਆਪਣੇ ਰਚੇ ਪਲਾਟ ਦੇ ਮਾਧਿਅਮ ਦੁਆਰਾ ਪਾਠਕ ਦੀ ਇਸੇ ਉਤਸੁਕਤਾ ਨੂੰ ਬਣਾਈ ਰੱਖਣਾ ਹੁੰਦਾ ਹੈ। ਇਸ ਪ੍ਰਕਾਰ ਕੋਈ ਨਾਵਲਕਾਰ ਸੁਚੇਤ ਰੂਪ ਵਿਚ ਚਾਹੇ ਜਾਂ ਨਾ ਚਾਹੇ, ਉਹ ਕਥਾਨਕ ਦਾ ਨਿਰਮਾਣ ਕਰਨ ਤੋਂ ਬਚ ਨਹੀਂ ਸਕਦਾ।

ਨਾਵਲ ਸਾਡੇ ਆਧੁਨਿਕ ਬੁਰਜੂਆ ਸਮਾਜ ਦਾ ਮਹਾਂਕਾਵਿ ਹੈ। ਸਾਹਿਤ ਦੇ ਇਸ ਰੂਪ ਨੇ ਆਪਣਾ ਪੂਰਨ ਵਿਕਾਸ ਇਸ ਸਮਾਜ ਦੀ ਜੋਬਨ ਅਵਸਥਾ ਵਿਚ ਪ੍ਰਾਪਤ ਕੀਤਾ ਸੀ ਅਤੇ ਲੱਗਦਾ ਹੈ ਕਿ ਬੁਰਜੂਆ ਸਮਾਜ ਦੇ ਹੋ ਰਹੇ ਪਤਨ ਨੇ ਇਸ ਰੂਪਾਕਾਰ ਨੂੰ ਵੀ ਗ੍ਰਸ ਲਿਆ ਹੈ। 'ਸਾਹਿਤ ਦੇ ਇਸ ਰੂਪ ਦੀ ਪ੍ਰਾਸੰਗਿਕਤਾ ਬਾਰੇ ਆਪਣੀ ਚਰਚਾ ਨੂੰ ਅੱਗੇ ਵਧਾਉਂਦਾ ਹੋਇਆ ਰੈਲਫ਼ ਫਾਕਸ ਲਿਖਦਾ ਹੈ ਕਿ ਨਾਵਲ ਨਾ ਕੇਵਲ ਬੁਰਜੂਆ ਸਮਾਜ ਦੀ ਪ੍ਰਤੀਨਿਧ ਉਪਜ ਹੈ ਬਲਕਿ ਇਸ ਦੀ ਇੱਕ ਸਰਵਉੱਤਮ ਰਚਨਾ ਵੀ ਹੈ।'[9] ਆਧੁਨਿਕ ਸਭਿਅਤਾ, ਜਿਸ ਦਾ ਮੁੱਢ ਪੁਨਰ ਜਾਗ੍ਰਿਤੀ (ਰੈਨੇਸਾਂ) ਸਮੇਂ ਤੋਂ ਹੁੰਦਾ ਹੈ, ਤੋਂ ਪਹਿਲਾਂ ਨਾਵਲ ਦੀ ਹੋਂਦ ਨਹੀਂ ਸੀ?' ਜੇ ਸੀ ਵੀ ਤਾਂ ਇਹ ਆਪਣੇ ਅਤਿਅੰਤ ਮੁੱਢਲੇ ਰੂਪ ਵਿਚ ਹੀ ਸੀ। ਤਾਂ ਕੀ ਸਾਡੀ ਆਧੁਨਿਕ ਸਭਿਅਤਾ ਦੇ ਅੰਤ ਦੇ ਨਾਲ ਹੀ ਇਹ ਵੀ ਖ਼ਤਮ ਹੋ ਜਾਵੇਗਾ, ਠੀਕ ਉਸੇ ਪ੍ਰਕਾਰ ਜਿਵੇਂ ਪ੍ਰਾਚੀਨ ਸਮਾਜ ਦੇ ਨਾਲ ਹੀ ਇਹ ਮਹਾਂਕਾਵਿ ਦਾ ਅੰਤ ਹੋ ਗਿਆ ਸੀ? ਇਸ ਪ੍ਰਸ਼ਨ ਦਾ ਉੱਤਰ ਰੈਲਫ਼ ਫਾਕਸ 'ਨਾਂਹ' ਵਿਚ ਦਿੰਦਾ ਹੈ। ਉਸ ਅਨੁਸਾਰ ਕੁੱਝ ਚਿੰਤਕਾਂ ਦਾ ਮੱਤ ਹੈ ਕਿ ਆਉਣ ਵਾਲੇ ਯੁੱਗ ਨੂੰ ਚਿਤਰਣ ਲਈ ਸਿਨੇਮਾ ਸਭ

[9] ਡਾ. ਸੁਰਿੰਦਰ ਸਿੰਘ ਦੁਸਾਂਝ, ਪੰਜਾਬੀ ਇਤਿਹਾਸਕ ਨਾਵਲ, ਪੰਨਾ 30

ਤੋਂ ਪ੍ਰਮਾਣਿਕ ਅਤੇ ਸਮਰੱਥ ਕਲਾ ਰੂਪ ਸਿੱਧ ਹੋਵੇਗਾ ਪਰ ਫਾਕਸ ਅਨੁਸਾਰ ਸਿਨੇਮਾ ਦੀਆਂ ਕੁੱਝ ਸੀਮਾਵਾਂ ਹਨ। ਨਾਵਲ, ਸਿਨੇਮਾ ਨਾਲੋਂ ਮਨੁੱਖ ਦਾ ਕਿਤੇ ਵਧੇਰੇ ਸੰਪੂਰਨ ਚਿਤਰ ਪੇਸ਼ ਕਰ ਸਕਦਾ ਹੈ।

## 1.5 ਬਲਵੀਰ ਪਰਵਾਨਾ ਦਾ ਜੀਵਨ ਤੇ ਰਚਨਾ

ਬਲਵੀਰ ਪਰਵਾਨਾ ਇੱਕ ਪੰਜਾਬੀ ਸਹਿਤ ਜਗਤ ਦੇ ਖੇਤਰ ਵਿਚ ਬਹੁਪੱਖੀ ਸਿਰਜਕ ਹੋ ਨਿੱਬੜਦਾ ਹੈ। ਉਸ ਨੇ ਆਪਣਾ ਸਾਹਿਤਕ ਸਫ਼ਰ 1984 ਵਿਚ ਕਵਿਤਾ ਲੇਖਣ ਤੋਂ ਆਰੰਭ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਦਾ ਸਫ਼ਰ ਕਵਿਤਾ, ਕਹਾਣੀ, ਤੇ ਨਾਵਲ ਵਰਗੀਆਂ ਵਿਧਾਵਾਂ ਰਾਹੀਂ ਨਿਰੰਤਰ ਜਾਰੀ ਰਹਿੰਦਾ ਹੈ। ਬਲਵੀਰ ਪਰਵਾਨਾ ਦਾ ਜਨਮ 7 ਜੁਲਾਈ 1955 ਨੂੰ ਪਿੰਡ ਚਨੌਰ, ਜ਼ਿਲ੍ਹਾ ਹੁਸ਼ਿਆਰਪੁਰ ਹੋਇਆ। ਬਲਵੀਰ ਪਰਵਾਨਾ ਜੀ ਕਿਸਾਨ ਪਰਿਵਾਰ ਨਾਲ ਸੰਬੰਧਿਤ ਹੈ। ਪੰਜਾਬੀ ਦੇ ਨਾਵਲਕਾਰ, ਕਹਾਣੀਕਾਰ ਅਤੇ 'ਰੋਜ਼ਾਨਾ ਨਵਾਂ ਜ਼ਮਾਨਾ' ਜਲੰਧਰ ਦੇ ਸਾਹਿਤ ਸੰਪਾਦਕ ਹਨ। ਸੁਪਨੇ ਤੇ ਪਰਛਾਵੇਂ, ਨਿੱਕੇ-ਨਿੱਕੇ ਯੁੱਧ, ਆਪਣੇ ਆਪਣੇ ਮੋਰਚੇ ਗਹਿਰ ਚੜ੍ਹੀ ਅਸਮਾਨ, ਕਥਾ ਇਸ ਯੁੱਗ ਦੀ, ਅੰਬਰ ਵੱਲ ਉਡਾਣ ਨਾਵਲਾਂ ਨਾਲ ਪਾਠਕਾਂ ਦੇ ਸਾਹਮਣੇ ਆਉਂਦੇ ਹਨ। ਨਾਵਲ ਵਰਗੀ ਵੱਢ ਆਕਾਰੀ ਰਚਨਾ ਦੀ ਸਥਾਪਤੀ ਸੰਜਮ ਨਾਲ ਕੀਤਾ ਕਾਰਜ ਹੈ। ਬਲਬੀਰ ਪਰਵਾਨਾ ਦੀ ਸਾਹਿਤ ਨੂੰ ਦੇਣ ਹੇਠ ਲਿਖੇ ਅਨੁਸਾਰ ਹੈ:

ਮਿੰਨੀ ਕਹਾਣੀ:- ਜ਼ਮੀਨ ਤੇ ਜਵਾਨੀ (1996)

ਕਹਾਣੀ ਸੰਗ੍ਰਹਿ:- ਅਚਾਨਕ ਸਾਹਮਣੇ (2007), ਧੂੰਆਂ (2004), ਗਾਥਾ ਇੱਕ ਪਿੰਡ ਦੀ (1996)

ਖੋਜ ਕਾਰਜ:- ਪੰਜਾਬ ਦੀ ਨਕਸਲਬਾੜੀ ਲਹਿਰ (2003,2006)

**ਨਾਵਲ**

1. ਬਹੁਤ ਸਾਰੇ ਚੁਰੱਸਤੇ (2014)

2. ਖੇਤਾਂ ਦਾ ਰੁਦਨ (2013)

3. ਅੰਬਰ ਵੱਲ ਉਡਾਣ (2012)

4. ਕਥਾ ਇਸ ਯੁੱਗ ਦੀ (2011)

5. ਸਿਮਟਦਾ ਆਕਾਸ਼ (2016)

**ਚੋਣਵਾਂ ਸਾਹਿਤ:-**

1. 'ਸਰਗਰਮ ਵਿਹੂਣੇ ਸਾਜ਼'

2. ਪਰਤਾਂ 'ਚ ਜਿਊਂਦਾ ਆਦਮੀ

3. ਮਈ 1989 ਵਿਚ ਰੋਜ਼ਾਨਾ 'ਨਵਾਂ ਜ਼ਮਾਨਾ' ਵਿਚ ਸਬ ਐਡੀਟਰ

4. 1991 ਤੋਂ ਅਖ਼ਬਾਰ ਦੇ ਸਾਹਿਤ ਸੰਪਾਦਕ ਰਹੇ ਹਨ।

**ਸੰਪਾਦਿਤ ਰਚਨਾਵਾਂ**

1. ਪੰਜਾਬ ਦੀ ਕਮਿਊਨਿਸਟ ਲਹਿਰ ਦਾ ਭਵਿੱਖ

2. ਗਦਰ ਲਹਿਰ ਦੇ ਸਰੋਕਾਰ

3. ਕਾਰਪੋਰੇਟ ਵਿਕਾਸ ਮਾਡਲ ਤੇ ਖਪਤ ਸਭਿਆਚਾਰ

4. ਸ਼ਹੀਦ ਭਗਤ ਸਿੰਘ ਵਿਚਾਰਧਾਰਾ

5. ਲਿਖਤਾਂ ਗ਼ਦਰੀ ਬਾਬਾ ਜਵਾਲਾ ਸਿੰਘ

6. ਨਵੇਂ ਦਿਸਹੱਦਿਆਂ ਦੀ ਤਲਾਸ਼

7. ਜਾਗਦੇ ਸ਼ਬਦ

8. ਨਕਸਲੀ ਯੋਧਾ

9. ਪਾਸ਼ ਪਾਸ਼ ਤੇ ਪਾਸ਼

10. ਰੁਬਰੂ ਹਾਸ਼ਮੀ

11. ਦਸਤਾਵੇਜ਼

**ਨਾਵਲਿਟ ਸੰਗ੍ਰਹਿ**

- ਭੁਰਿਆ ਵਾਲੇ (2000)

- ਬੇਗਾਨੇ ਪਿੰਡ ਦੀ ਰੂਹ (1998)

- ਜੰਗਲ ਕੋਈ ਸੌਦਾ ਨਹੀਂ

**ਕਵਿਤਾ ਸੰਗ੍ਰਹਿ**

- ਵਾ-ਵਰੋਲਿਆਂ 'ਚ ਘਿਰੀ ਹੋਂਦ (2006)

- ਵਰਜਣਾ ਤੋਂ ਪਾਰ (2002)

- ਇੰਤਹਾਂ ਤੋਂ ਪਹਿਲਾ (1997)

-ਪਲਕਾਂ 'ਚ ਤੈਰਦੇ ਪਲ(1992)

-ਧੁੱਪ ਦੀਆਂ ਪੈੜਾਂ (1988)

-ਉਨ੍ਹਾਂ ਨੇ ਆਖਿਆ ਸੀ (1984)

ਬਲਬੀਰ ਪਰਵਾਨਾ ਪੰਜਾਬੀ ਦੇ ਅਖ਼ਬਾਰ 'ਨਵਾਂ ਜ਼ਮਾਨਾ' ਦੇ ਸਾਹਿਤ ਸੰਪਾਦਕ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਨੇ ਕਹਾਣੀ ਤੋਂ ਇਲਾਵਾ ਅਨੁਵਾਦ ਵਿਚ ਵੀ ਕਲਮ ਅਜ਼ਮਾਈ ਕੀਤੀ। ਸਾਹਿਤ ਅਕਾਦਮੀ ਦੁਆਰਾ ਲੇਖਕਾਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ। ਸਾਹਿਤ ਅਕਾਦਮੀ ਦੇ ਸਕੱਤਰ ਸ੍ਰੀ ਕੇ ਸੀ ਨਿਵਾਸਰਾਓ ਅਨੁਸਾਰ 24 ਭਾਰਤੀ ਭਾਸ਼ਾਵਾਂ ਵਿਚ ਹੋਏ ਮਿਆਰੀ ਅਨੁਵਾਦਾਂ ਨੂੰ ਇਹ ਪੁਰਸਕਾਰ ਦਿੱਤੇ ਗਏ। ਉਨ੍ਹਾਂ ਵਿਚੋਂ ਬਲਬੀਰ ਪਰਵਾਨਾ ਵੀ ਸ਼ਾਮਿਲ ਹੈ। ਇਹ ਐਵਾਰਡ ਬਲਬੀਰ ਪਰਵਾਨਾ ਵੱਲੋਂ ਅਨੁਵਾਦਿਤ ਪ੍ਰਸਿੱਧ ਉੜੀਆ ਲੇਖਕ 'ਮਨੋਜ ਦਾਸ' ਦੀਆਂ ਚੋਣਵੀਂਆਂ ਕਹਾਣੀਆਂ ਨੂੰ ਦਿੱਤਾ ਗਿਆ ਜੋ ਕਿ ਹੇਠ ਲਿਖੇ ਅਨੁਸਾਰ ਹਨ :-

- ਮਨੋਜ ਦਾਸ ਦੀਆ ਕਹਾਣੀਆਂ (2014)

- ਰਵੀ ਕਹਾਣੀ

- ਰਾਜੇਂਦਰ ਯਾਦਵ ਦੀਆਂ ਚੋਣਵੀਆਂ ਕਹਾਣੀਆਂ

- ਤਪਦੇ ਦਿਨ ਲੰਮੀਆਂ ਰਾਤਾਂ

- ਸਮਕਾਲੀਨ ਗੁਜਰਾਤੀ ਕਹਾਣੀਆਂ

- ਨਕਸਲਬਾੜੀ ਕਹਾਣੀਆਂ

- ਯੁੱਧ ਦਾ ਗੀਤ

**ਸਨਮਾਨ**

- ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ (2015)

(ਭਾਰਤੀ ਸਾਹਿਤ ਅਕਾਦਮੀ,ਨਵੀਂ ਦਿੱਲੀ)

- ਪੰਜਾਬੀ ਪੱਤਰਕਾਰਤਾ ਪੁਰਸਕਾਰ (2012)

(ਪੰਜਾਬੀ ਸਾਹਿਤ ਅਕਾਦਮੀ,ਦਿੱਲੀ)- ਵਾਰਿਸ ਸ਼ਾਹ ਪੁਰਸਕਾਰ (2005)

## ਦੂਜਾ ਅਧਿਆਇ – ਪੰਜਾਬ ਅਤੇ ਨਕਸਲੀ ਲਹਿਰ

### 2.1 ਭਾਰਤ ਵਿਚ ਨਕਸਲੀ ਲਹਿਰ ਦਾ ਇਤਿਹਾਸ

ਸਮਾਜ ਦੇ ਗਰਮ ਦਲ ਦੇ ਆਗੂਆਂ ਵਲੋਂ ਸਮੇਂ-ਸਮੇਂ ਤੇ ਰਾਜਨੀਤਿਕ ਪਾਰਟੀਆਂ ਦੀ ਮਾੜੀ ਕਾਰਗੁਜ਼ਾਰੀ ਤੇ ਗਲਤ ਨੀਤੀਆਂ ਵਿਰੁੱਧ ਅਵਾਜ਼ ਉਠਾਈ ਗਈ। 'ਨਕਸਲਬਾੜੀ ਦਾ ਇਨਕਲਾਬ ਦੌਰ ਵੀ ਕੁੱਝ ਅਜਿਹੇ ਹੀ ਹਾਲਾਤਾਂ ਵਿਚ ਉੱਭਰ ਕੇ ਸਾਹਮਣੇ ਆਇਆ। 1967 ਦੀ ਨਕਸਲਬਾੜੀ ਕਿਸਾਨ ਦੀ ਮਹਾਨ ਇਤਿਹਾਸਿਕ ਘਟਨਾ ਸਾਡੇ ਸਾਹਮਣੇ ਆਉਂਦੀ ਹੈ। ਜਦੋਂ ਇਹ 1962 ਵਿਚ, ਚੀਨ ਭਾਰਤ ਵਿਚਾਲੇ ਜੰਗ, ਭਾਰਤੀ ਕਮਿਊਨਿਸਟ ਪਾਰਟੀ 'ਚ ਫੌਰੀ ਦੁਫੇੜ ਦਾ ਕਾਰਨ ਬਣੀ ਸੀ, ਭਾਵੇਂ ਕਿ ਵੱਖ-ਵੱਖ ਮੁੱਦਿਆਂ ਉੱਪਰ ਸਿਧਾਂਤਕ ਮਤਭੇਦ ਪਹਿਲਾਂ ਤੋਂ ਹੀ ਚੱਲੇ ਆ ਰਹੇ ਸਨ। ਪਰ ਜਦੋਂ 1964 ਵਿਚ ਸੀ.ਪੀ.ਐਮ. ਬਣੀ ਤਾਂ ਜਿਹੜੇ ਕਾਡਰ ਤੇ ਲੀਡਰਸ਼ਿਪ, ਮੁਕਾਬਲਤਨ ਵਧ ਖਾੜਕੂ ਨਾਹਰਿਆਂ 'ਚ ਵਿਸ਼ਵਾਸ ਕਰਦੇ ਸਨ ਤੇ ਨਾਲ ਹੀ ਚੀਨ ਦੇ ਮਾਉਵਾਦ ਤੋਂ ਪ੍ਰਭਾਵਿਤ ਸਨ, ਸੀ.ਪੀ.ਐਮ. 'ਚ ਸ਼ਾਮਿਲ ਹੋ ਗਏ।'[10]

ਪੰਜਾਬ ਤੋਂ ਇਲਾਵਾ ਬੰਗਾਲ ਵਿਚ ਵੀ ਨਕਸਲਬਾੜੀ ਲਹਿਰ ਦਾ ਵਧੇਰੇ ਨੁਕਸਾਨ ਆਮ ਲੋਕਾਂ ਨੂੰ ਹੋਇਆ। ਬੰਗਾਲ ਵਿਚ ਉਸ ਸਮੇਂ ਛੋਟੇ ਕਿਸਾਨਾਂ, ਕਬਾਇਲੀ ਲੋਕਾਂ, ਖੇਤ ਮਜ਼ਦੂਰਾਂ ਦੇ ਸੰਘਰਸ਼ਾਂ ਦਾ ਜ਼ੋਰ ਸੀ। 'ਇਹਨਾਂ ਸੰਘਰਸ਼ਾਂ ਦਾ ਸਭ ਤੋਂ ਖਾੜਕੂ ਰੁਖ ਦਾਰਜੀਲਿੰਗ ਜ਼ਿਲ੍ਹੇ ਦਾ ਸੀ ਜਿੱਥੇ ਸੀ.ਪੀ ਐਮ. ਦੀ ਅਗਵਾਈ ਵਾਲੀ ਕਿਸਾਨ ਸਭਾ ਦੇ ਆਗੂ ਜ਼ਿਲ੍ਹੇ ਵਿਚ ਖੁੱਲ੍ਹੇਆਮ ਐਲਾਨ ਕਰਦੇ ਸਨ। ਜਗੀਰਦਾਰਾਂ ਦੀਆਂ ਵਾਧੂ ਜ਼ਮੀਨਾਂ ਖੋਹ ਕੇ ਬੇਜ਼ਮੀਨੇ ਗ਼ਰੀਬ ਕਿਸਾਨਾਂ 'ਚ ਵੰਡੀਆਂ ਜਾਂਦੀਆਂ ਸਨ। 1966 'ਚ, ਦੋ ਦਸਤਾਵੇਜ਼ ਹੋਰ ਵੰਡੇ ਗਏ। ਫਰਵਰੀ 1967 'ਚ ਅਸੰਬਲੀ ਚੋਣਾਂ ਹੋਈਆਂ ਤਾਂ ਪੱਛਮੀ ਬੰਗਾਲ 'ਚ ਖੱਬਾ ਫ਼ਰੰਟ ਜਿੱਤ ਗਿਆ ਜਿਸ ਵਿਚ ਸੀ.ਪੀ.ਐਮ. ਮੁੱਖ

---

[10] ਬਲਬੀਰ ਪਰਵਾਨਾ, ਪੰਜਾਬ ਦੀ ਨਕਸਲਬਾੜੀ ਲਹਿਰ, ਪੰਨਾ- 7

ਭਾਈਵਾਲ ਸੀ। 2 ਫਰਵਰੀ 1967 ਨੂੰ ਫ਼ਰੰਟ ਦੀ ਸਰਕਾਰ ਬਣੀ।ਖੱਬੇ ਫਰੰਟ ਦੀ ਸਰਕਾਰ ਬਣਨ ਨਾਲ ਜਿੱਥੇ ਹੇਠਲੇ ਕਾਡਰ, ਗਰੀਬ ਕਿਸਾਨਾਂ, ਖੇਤ ਮਜ਼ਦੂਰਾਂ, ਕਬਾਇਲੀ ਲੋਕਾਂ ਨੂੰ ਵਧੇਰੇ ਆਸ਼ਾਵਾਂ ਹੋਈਆਂ, ਉੱਥੇ ਲੀਡਰਸ਼ਿਪ ਨੇ ਵਧੇਰੇ 'ਜ਼ੁੰਮੇਵਾਰੀ' ਨਾਲ ਕੰਮ ਕਰਨ ਦੀ ਨੀਤੀ ਅਪਣਾਈ, ਜਿਹੜੀ ਕਿ ਉਸ ਦੀ ਪਹਿਲਾਂ ਦੀ ਪ੍ਰਵਾਨਿਤ ਆਮ ਨੀਤੀ ਤੋਂ ਪਿਛਾਂਹ ਹਟਣਾ ਸੀ।'[11]

18 ਫਰਵਰੀ 1967 ਨੂੰ ਉਸ ਵੇਲੇ ਦੇ ਪੱਛਮੀ ਬੰਗਾਲ ਦੀ ਫਰੰਟ ਸਰਕਾਰ ਦੇ ਭੂਮੀ ਤੇ ਲਗਾਨ ਮੰਤਰੀ ਅਤੇ ਪੱਛਮੀ ਬੰਗਾਲ ਕਿਸਾਨ ਸਭਾ ਦੇ ਸਕੱਤਰ ਹਰੇਕ੍ਰਿਸ਼ਨਾ ਕੋਨਾਰ ਨੇ ਨਕਸਲਬਾੜੀ ਦੀ ਇਸ ਕਿਸਾਨ ਬਗ਼ਾਵਤ ਦੇ ਆਗੂਆਂ ਕਾਨੂੰ ਸਨਿਆਲ, ਸੋਰੇਨ ਬੋਸ ਨਾਲ ਮਿਲ ਕੇ ਕਿਸੇ ਸਮਝੌਤੇ ਉੱਪਰ ਅੱਪੜਨਾ ਚਾਹਿਆ, ਪਰ ਇਨਕਲਾਬੀਆਂ ਤੇ ਸਰਕਾਰ ਵਿਚਾਲੇ ਗੱਲਬਾਤ ਸਿਰੇ ਨਾ ਚੜ ਸਕੀ। ਇਨਕਲਾਬੀ ਆਗੂਆਂ ਦਾ ਦੋਸ਼ ਸੀ ਕਿ ਲੀਡਰਸ਼ਿਪ ਆਪਣੇ ਹੀ ਦਿੱਤੇ ਹੋਏ ਨਾਅਰਿਆਂ ਤੋਂ ਪਿਛਾਂਹ ਹਟ ਕੇ, ਇਨਕਲਾਬੀ ਕਾਜ ਨਾਲ ਗਦਾਰੀ ਕਰ ਰਹੀ ਹੈ ਜਦੋਂ ਕਿ ਭਾਰੂ ਧੜਾ ਇਸ ਵੇਲੇ ਵਧੇਰੇ ਜ਼ਿੰਮੇਵਾਰੀ ਨਾਲ ਕੰਮ ਕਰਨ ਦੇ ਪੱਖ ਵਿਚ ਸੀ। ਇਸ ਕੈਬਨਿਟ ਮਿਸ਼ਨ ਨੇ ਆਪਣੀ ਪਹਿਲੀ ਅਪੀਲ 15 ਜੂਨ 1967 ਨੂੰ ਜਾਰੀ ਕੀਤੀ ਜਿਸ ਵਿਚ ਬਗ਼ਾਵਤ ਦੇ ਆਗੂਆਂ ਨੂੰ ਹਥਿਆਰਬੰਦ ਸੰਘਰਸ਼ ਦਾ ਰਾਹ ਛੱਡ ਕੇ, ਸਰਕਾਰ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਇਹ 16 ਜੂਨ ਦੀਆਂ ਬੰਗਲਾ ਤੇ ਹਿੰਦੀ ਅਖ਼ਬਾਰਾਂ 'ਚ ਜੋ ਇਸ ਤਰ੍ਹਾਂ ਸੀ:

" ਜ਼ਮੀਨ ਦੀ ਸਮੱਸਿਆ ਦੇ ਸਹੀ ਤੇ ਤਸੱਲੀਬਖ਼ਸ਼ ਹੱਲ ਵਾਸਤੇ ਅੰਨ ਬਣਾਈ ਰੱਖਣਾ ਅਤੇ ਲੋਕਾਂ ਦਾ ਸਹਿਯੋਗ ਸਭ ਤੋਂ ਵਧ ਜ਼ਰੂਰੀ ਹੈ।"

ਜਦੋਂ ਇਸ ਸੰਦਰਭ ਵਿਚ ਪੰਜਾਬ ਦਾ ਜ਼ਿਕਰ ਆਉਂਦਾ ਹੈ ਤਾਂ ਇਹ ਕਹਿਣਾ ਗ਼ਲਤ ਹੋਵੇਗਾ ਕਿ ਨਕਸਲਬਾੜੀਏ ਦੀ ਮਾਰ ਤੋਂ ਬਿਨ੍ਹਾਂ ਪੰਜਾਬ ਵਿਚ ਪੁਲਿਸ ਕਰਮਚਾਰੀਆਂ ਨੇ ਵੀ ਪੰਜਾਬ ਦੇ ਆਮ ਲੋਕਾਂ 'ਤੇ ਅੱਤਿਆਚਾਰ ਕੀਤੇ।

---

[11] ਰਮੇਸ਼ ਚੰਦ ਮੀਨਾ, ਪੁਲਿਸ ਵਿਵਸਥਾ ਦੇ ਵਿਰੋਧ ਨਕਸਲਵਾਦ, ਪੰਨਾ 76

ਨਕਲਬਾੜੀ ਦੇ ਰੋਸ ਵਜੋਂ ਪੁਲਿਸ਼ ਮੁਲਾਜ਼ਮ ਨਕਸਲੀਆਂ ਨਾਲ ਕੁੱਟ ਮਾਰ ਕਰਦੇ। ਉਨ੍ਹਾਂ ਨੂੰ ਜਿਸਮਾਨੀ ਤੇ ਮਾਨਸਿਕ ਪਖੋਂ ਦਬਾਉਣ ਦਾ ਯਤਨ ਕਰਦੇ। ਇਹੋ ਜਿਹੀ ਇੱਕ ਇਤਿਹਾਸਿਕ ਘਟਨਾ ਨੂੰ ਬਲਬੀਰ ਪਰਵਾਨਾ ਆਪਣੀ ਪੁਸਤਕ ਪੰਜਾਬ ਦੇ ਨਕਸਲਬਾੜੀ ਲਹਿਰ ਵਿਚ ਵੀ ਪੇਸ਼ ਕਰਦਾ ਹੈ।

'4 ਜੁਲਾਈ ਤੋਂ ਪਿੱਛੋਂ ਜਿੱਥੇ ਪੁਲਿਸ ਜਬਰ ਦਾ ਰਾਜ ਹੋ ਗਿਆ, ਉੱਥੇ ਵਿਰੋਧ 'ਚ ਬਗ਼ਾਵਤ ਕਾਰਵਾਈਆਂ ਵਿਚ ਵੀ ਤੇਜ਼ੀ ਆਈ। ਨਕਸਲਬਾੜੀ ਕਸਬੇ ਦੇ ਬਾਜ਼ਾਰ ਵਿਚ, ਜਗੀਰਦਾਰਾਂ ਤੇ ਕਾਂਗਰਸੀਆਂ ਨੇ ਇੱਕ ਗਰੀਬ ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਇਸ ਘਟਨਾ ਨੇ ਬਲਦੀ ਤੇ ਤੇਲ ਦਾ ਕੰਮ ਕੀਤਾ।'[12] ਪੁਲਿਸ ਜ਼ਬਰ ਦੇ ਬਾਵਜੂਦ ਨਕਸਲਬਾੜੀ ਲਹਿਰ ਦੇ ਪ੍ਰਭਾਵ ਨੇ ਅਨੇਕਾਂ ਰੋਸ, ਮੁਜ਼ਾਹਰੇ ਕਰਨ ਲਈ ਮਜ਼ਬੂਰ ਕਰ ਦਿੱਤਾ। ਗਰੀਬ, ਨਿਮਨ ਵਰਗ ਦੇ ਕਿਸਾਨ, ਬੇਰੁਜ਼ਗਾਰ, ਤੇ ਮਹਿੰਗਾਈ ਤੋਂ ਸਿਤਾਏ ਲੋਕ, ਆਰਥਿਕ ਮੰਦਹਾਲੀ ਦੀਆਂ ਸਮੱਸਿਆਵਾਂ ਦਾ ਸ਼ਿਕਾਰ ਬਣੇ। ਇਨ੍ਹਾਂ ਲੋਕਾਂ ਨੇ ਆਪਣੀਆਂ ਸਮੱਸਿਆਵਾਂ ਦੇ ਸਮਾਦਾਨ ਲਈ ਸਰਕਾਰ ਵਿਰੁੱਧ ਰੋਸ, ਮੁਜ਼ਾਹਰੇ ਕੀਤੇ ਤੇ ਸਰਕਾਰ ਤੋਂ ਆਪਣੀਆਂ ਹੱਕਾਂ ਦੀ ਪੂਰਤੀ ਦੀ ਮੰਗ ਕੀਤੀ।

' ਅਨੇਕਾਂ ਰੋਸ ਵਿਖਾਵੇ ਹੋਏ ਜਿਨ੍ਹਾਂ 'ਚ 5000 ਤੋਂ 10000 ਤੱਕ ਗਿਣਤੀ ਹੁੰਦੀ ਸੀ। ਜੂਨ 67 ਤੋਂ ਅਗਸਤ 67 ਤੱਕ ਬੂਰਾਗੰਜ ਦਾ ਇਲਾਕਾ 'ਮੁਕਤ ਇਲਾਕਾ ਰਿਹਾ ਜਿੱਥੇ ਇਨਕਲਾਬੀਆਂ ਦੀ ਮੁਕਾਬਲੇ ਦੀ ਸਰਕਾਰ ਸੀ। ਬੂਰਾ ਗੰਜ (ਪੁਲਿਸ ਖੋਰੀਪਾੜੀ) ਚੌਂਕ ਪੁਰਕੀ (ਪੁਲਿਸ ਥਾਣਾ ਫਾਸੀਦੇਵਾ) ਅਤੇ ਸੇਵਦੁਲਾਜੋਤੇ (ਪੁਲਿਸ ਥਾਣਾ ਨਕਸਲਬਾੜੀ) ਵਿਖੇ ਲੋਕ ਨਿਪਟਾਰਾ ਕਰਦੀਆਂ ਸਨ। ਇਹਨਾਂ ਅਦਾਲਤਾਂ 'ਚ ਖੁੱਲ੍ਹੇਆਮ ਦੋਸ਼ਾਂ ਦੀ ਸੁਣਵਾਈ ਹੁੰਦੀ ਸੀ ਕਿਉਂਕਿ ਉਸ ਵੇਲੇ ਕਿਸਾਨੀ ਬਗ਼ਾਵਤ ਦੀਆਂ ਇਹਨਾਂ ਕਾਰਵਾਈਆਂ ਦਾ ਕੇਂਦਰ ਨਕਸਲਬਾੜੀ ਦਾ ਇਲਾਕਾ ਸੀ ਤੇ ਪਿੱਛੋਂ ਜਿਉਂ-ਜਿਉਂ ਇਹ ਬਗ਼ਾਵਤ ਫੈਲਦੀ ਗਈ, ਇਸ ਦਾ ਰੂਪ ਵਿਆਪਕ ਹੁੰਦਾ ਗਿਆ, ਇਸ ਨਕਸਲਬਾੜੀ ਇਲਾਕੇ ਤੋਂ ਸ਼ੁਰੂ ਹੋਈ ਹੋਣ ਕਰ ਕੇ, ਨਕਸਲਬਾੜੀ ਬਗ਼ਾਵਤ ਦਾ ਨਾਂ ਦੇ ਦਿੱਤਾ ਗਿਆ ਤੇ ਇਸ

[12] ਬਲਬੀਰ ਪਰਵਾਨਾ, ਪੰਜਾਬ ਦੀ ਨਕਸਲਬਾੜੀ ਲਹਿਰ, ਪੰਨਾ- 11

ਲਾਇਨ ਦੇ ਸਮਰਥਕਾਂ ਨੂੰ 'ਨਕਸਲਬਾੜੀਏ' ਜਾਂ ਨੈਕਸਲਾਈਟ ਕਿਹਾ ਜਾਣ ਲੱਗਾ।'[13]

ਸਮਾਜ ਵਿਚ ਅਜਿਹੀਆਂ ਭਖਦੀਆਂ ਸਮੱਸਿਆਵਾਂ ਨੂੰ ਨਿਜੱਠਣ ਲਈ ਤੇ ਨਿਮਨ ਵਰਗ , ਗਰੀਬ ਵਰਗ ਤੇ ਗਲਤ ਨੀਤੀਆਂ ਦੀ ਮਾਰ ਝੱਲ ਰਹੇ ਲੋਕਾਂ ਵਿਚ ਸੰਘਰਸ਼ ਕਰਨ ਦੀ ਪ੍ਰੇਰਨਾ ਦੇਣ ਲਈ ਆਲ ਇੰਡੀਆਂ ਕੋਆਰਡੀਨੇਸ਼ਨ ਕਮੇਟੀ ਅੱਫ਼ ਕਮਿਊਨਿਸਟ ਰੈਵੋਲੂਸ਼ਰੀ ਨੇ ਇਨਕਲਾਬੀ ਕਾਰਵਾਈ ਕਰਨ ਵਾਲਿਆਂ ਨਾਲ ਗਰੁੱਪ ਚਰਚਾ ਕੀਤੀ ਤਾਂ ਜੋ ਇਨ੍ਹਾਂ ਸਮੱਸਿਆਵਾਂ ਦਾ ਸਮਾਦਾਨ ਹੋ ਸਕੇ।

'ਕੁੱਝ ਦੇਰ ਆਲ ਇੰਡੀਆ ਕੋਆਰਡੀਨੇਸ਼ਨ ਕਮੇਟੀ ਅੱਫ਼ ਕਮਿਊਨਿਸਟ ਰੈਵੋਲੂਸ਼ਨਰੀ, ਇਨਕਲਾਬੀ ਕਾਰਵਾਈਆਂ ਦੀ ਅਗਵਾਈ ਕਰਦੀ ਰਹੀ। ਫਿਰ ਸੰਘਰਸ਼ ਨੂੰ ਹੋਰ ਸੰਗਠਿਤ ਰੂਪ ਦੇਣ ਲਈ ਵੱਖ-ਵੱਖ ਗਰੁੱਪਾਂ 'ਚ ਵਿਚਾਰ-ਚਰਚਾ ਸ਼ੁਰੂ ਹੋਈ। 22 ਅਪ੍ਰੈਲ 1969 ਨੂੰ ਲੈਨਿਨ ਦੀ ਜਨਮ ਸ਼ਤਾਬਦੀ ਦੇ ਮੌਕੇ ਉੱਪਰ ਕੁੱਝ ਜਿੰਦ ਪੱਧਰ 'ਤੇ ਭਾਰਤੀ ਕਮਿਊਨਿਸਟ ਪਾਰਟੀ ਦਾ ਉਦੇ ਹੋਇਆ। ਨਵੀਂ ਪਾਰਟੀ ਦਾ ਐਲਾਨ ਕਾਨੂੰ ਸੰਨਿਆਲ ਨੇ ਪਹਿਲੀ ਮਈ 1969 ਦੀ ਰੈਲੀ 'ਚ ਕਲਕੱਤਾ ਵਿਖੇ ਕੀਤਾ। 2 ਅਪ੍ਰੈਲ 1970 ਦੇ ਪੀਕਿੰਗ ਰੇਡੀਉ ਦੇ ਇੱਕ ਪ੍ਰਸਾਰਨ ਅਨੁਸਾਰ ਭਾਰਤ ਵਿਚ 46 ਥਾਵਾਂ ਉੱਪਰ ਹਥਿਆਰਬੰਦ ਸੰਘਰਸ਼ ਚੱਲ ਰਿਹਾ ਸੀ। ਇਸ ਤਰ੍ਹਾਂ ਭਾਰਤ ਦੀ ਕਮਿਊਨਿਸਟ ਲਹਿਰ ਦੇ ਇਤਿਹਾਸ ਵਿਚ ਇੱਕ ਨਵੀਂ ਧਾਰਾ ਦਾ ਉਦੇ ਹੋਇਆ।'[14]

### 2.2 ਪੰਜਾਬ ਵਿਚ ਨਕਸਲੀ ਲਹਿਰ ਦੀ ਸ਼ੁਰੂਆਤ

ਨਕਸਲੀ ਲਹਿਰ ਦੀ ਸ਼ੁਰੂਆਤ ਬਸੰਤ ਰੁੱਤ 'ਚ 1967 ਵਿਚ ਬੰਗਾਲ ਦੇ ਇੱਕ ਪਿੰਡ ਨਕਸਲਬਾੜੀ ਤੋਂ ਮੰਨੀ ਜਾਂਦੀ ਹੈ। ਨਕਸਲੀਆਂ ਦੀ ਹਮਲਾਵਰ ਕਾਰਵਾਈ ਨੂੰ ਸਾਰੀਆਂ ਪਾਰਟੀਆਂ ਨੇ ਮੰਦਭਾਗਾ ਕਰਾਰ ਦਿੱਤਾ ਹੈ। ਸਗੋਂ ਇਸ ਨੂੰ ਅੱਤਵਾਦੀ ਕਹਿ ਕੇ ਭੰਡਿਆਂ ਹੈ। ਇਸ ਖੇਤਰ ਵਿਚ ਪਹਿਲਾ ਵੀ ਮੁੱਠਭੇੜਾਂ ਹੁੰਦੀਆਂ ਰਹੀਆਂ ਹਨ।

---

[13] ਬਲਬੀਰ ਪਰਵਾਨਾ, ਪੰਜਾਬ ਦੀ ਨਕਸਲਬਾੜੀ ਲਹਿਰ, ਪੰਨਾ-11

[14] ਉਹੀ ਪੰਨਾ 12

ਪਹਿਲੀ ਅਕਤੂਬਰ ਤੋਂ 10 ਅਕਤੂਬਰ 1967 ਤੱਕ,ਦਿੱਲੀ 'ਚ ਸੀ.ਪੀ.ਐਮ. ਆਗੂ ਕਾਮਰੇਡ ਏ. ਕੇ. ਗੁਪਾਲਨ ਦੀ ਕੋਠੀ ਵਿਖੇ, ਉੱਤਰੀ ਭਾਰਤ ਦੇ ਨੌਜੁਆਨਾਂ ਨੂੰ ਸਿਧਾਂਤਕ ਸੂਝ ਨਾਲ ਲੈਸ ਕਰਨ ਲਈ ਇੱਕ ਸਕੂਲ ਅਸਲ ਵਿਚ ਨਕਸਲਬਾੜੀ ਲਹਿਰ ਦੇ ਉਭਾਰ ਨੂੰ ਸਨਮੁੱਖ ਰੱਖਦਿਆਂ ਆਯੋਜਿਤ ਕੀਤਾ ਗਿਆ ਸੀ ਤਾਂ ਕਿ ਨੌਜੁਆਨਾਂ 'ਚ ਸੀ.ਪੀ.ਐਮ ਦੀ ਸਮਝ ਨੂੰ ਦ੍ਰਿੜ੍ਹਾਇਆ ਜਾ ਸਕੇ ਅਤੇ ਉਹ ਨਵੀਂ ਲਹਿਰ ਤੋਂ ਪ੍ਰਭਾਵਿਤ ਨਾ ਹੋ ਸਕਣ।

ਪੰਜਾਬ ਚੋਂ, ਹੋਰਨਾਂ ਨੌਜੁਆਨਾਂ ਦੇ ਨਾਲ-ਨਾਲ ਹਾਕਮ ਸਿੰਘ ਸਮਾਓ ਤੇ ਹਰਭਜਨ ਸੋਹੀ ਵੀ ਇਸ ਵਿਚ ਸ਼ਾਮਿਲ ਹੋਏ ਜਿਹੜੇ ਕਿ ਉਦੋਂ ਤੱਕ ਨਕਸਲੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਚੁੱਕੇ ਸਨ। ਇਨ੍ਹਾਂ ਨਾਲ ਮਾਨਸਾ ਤਹਿਸੀਲ ਦੀ ਸੀ.ਪੀ.ਐਮ.'ਚ ਜਿਹੜੇ ਹੋਰ ਕਾਮਰੇਡ ਨਕਸਲਬਾੜੀ ਵਿਚਾਰਧਾਰਾ ਤੋਂ ਪ੍ਰਭਾਵਿਤ ਸਨ ਉਨ੍ਹਾਂ 'ਚ ਹਰਦੇਵ ਭਗਤੂਆਣਾ, ਬੰਤ ਰਇਪੁਰੀ, ਇੰਦਰਜੀਤ ਐਡਵੋਕੇਟ, ਜਰਨੈਲ ਸਿੰਘ ਬਹਾਦਰਪੁਰ, ਯਸ਼ਪਾਲ ਬਾਵਾ ਭਾਰਤੀ, ਵੇਦ ਪ੍ਰਕਾਸ਼ ਗੁਪਤਾ, ਹਰਨੇਕ ਸਰਪੰਚ ਸਰਦੂਲਗੜ੍ਹ, ਸਤਪਾਲ ਭਾਰਤੀ ਅਤੇ ਬਲਵੰਤ ਸਿੰਘ ਸ਼ਾਮਿਲ ਸਨ।

"ਇਹ ਪਹਿਲੀ ਖ਼ਬਰ ਸੀ ਜਿਹੜੀ ਪੰਜਾਬ ਦੀਆਂ ਅਖ਼ਬਾਰਾਂ 'ਚ, ਪੰਜਾਬ 'ਚ ਨਕਸਲਬਾੜੀ ਗਤੀਵਿਧੀਆਂ ਦੀ ਸ਼ੁਰੂਆਤ ਵਜੋਂ ਛਪੀ। 14 ਫਰਵਰੀ 1968 ਨੂੰ ਭਗਤੂਆਣਾ ਵਿਖੇ ਵੱਡੀ ਰਾਜ ਪੱਧਰੀ ਮੀਟਿੰਗ ਬੁਲਾਈ ਗਈ। ਇਸ ਮੀਟਿੰਗ 'ਚ ਪੰਜਾਬ ਦੇ ਲਗਭਗ ਸਾਰੇ ਹਿੱਸਿਆਂ 'ਚੋਂ ਮਾਰਕਸੀ ਪਾਰਟੀ ਦੇ ਕਾਰਕੁੰਨ ਸ਼ਾਮਿਲ ਹੋਏ ਜਿਹੜੇ ਨਕਸਲਬਾੜੀ ਦੀ ਘਟਨਾ ਨੂੰ ਠੀਕ ਸਮਝਦੇ ਸਨ ਤੇ ਨਾਲ ਹੀ ਇਹ ਵੀ ਸੋਚਦੇ ਸਨ ਕਿ ਹਥਿਆਰਬੰਦ ਇਨਕਲਾਬ ਦਾ ਪੜਾਅ ਆ ਗਿਆ ਹੈ।"[15] ਪੰਜਾਬ 'ਚ ਨਕਸਲੀ ਵਿਚਾਰਾਂ ਵਾਲੇ ਸਭ ਲੋਕਾਂ ਨਾਲ ਸੰਪਰਕ ਕੀਤਾ ਜਾਵੇ ਤੇ ਕਮੇਟੀ ਵੀ ਬਣਾ ਦਿੱਤੀ ਗਈ, ਜਿਸ ਦਾ ਨਾਂਅ ਸੀ 'ਮਾਰਕਸਵਾਦੀ ਪਾਰਟੀ ਦੇ ਇਨਕਲਾਬੀਆਂ ਦੀ ਤਾਲਮੇਲ ਕਮੇਟੀ'। ਮੀਟਿੰਗ ਵਿਚ ਹੀ ਜਥੇਬੰਦਕ ਯਤਨਾਂ ਨੂੰ ਤੇਜ਼ ਕਰਨ ਹਿਤ ਤੇ ਲੋਕਾਂ ਨੂੰ ਨਵੇਂ ਕੇਂਦਰ ਦੇ

---

[15] ਬਲਬੀਰ ਪਰਵਾਨਾ, ਪੰਜਾਬ ਦੀ ਨਕਸਲਬਾੜੀ ਲਹਿਰ, ਪੰਨਾ 14

ਉਦਾਲੇ ਲਾਮਬੰਦ ਕਰਨ ਲਈ ਇਸ਼ਤਿਹਾਰ ਕੱਢਣ ਦਾ ਫ਼ੈਸਲਾ ਹੋਇਆ। ਲਾਲ ਰੰਗ 'ਚ ਛਪਿਆ ਪੰਜਾਬ ਦੇ ਨਕਸਲਬਾੜੀ ਦਾ ਇਹ ਪਹਿਲਾ ਪੋਸਟਰ ਇਸ ਤਰ੍ਹਾਂ ਸੀ:

ਵੀਤਨਾਮ ਦਾ ਰਾਹ:

ਨਕਸਲਬਾੜੀ ਦਾ ਰਾਹ

ਨਕਸਲਬਾੜੀ ਦਾ ਰਾਹ:ਸਾਡਾ ਰਾਹ

ਲੋਕਾਂ ਦੀ ਮੁਕਤੀ ਦਾ ਰਾਹ-ਚੋਣਾਂ ਨਹੀਂ,

ਵੱਲੋਂ:

ਮਾਰਕਸਵਾਦੀ ਪਾਰਟੀ ਦੇ ਇਨਕਲਾਬੀਆਂ

ਦੀ ਤਾਲਮੇਲ ਕਮੇਟੀ ਦੀ ਤਿਆਰੀ ਕਮੇਟੀ,ਪੰਜਾਬ[16]

ਇਹ ਪੋਸਟਰ ਬਹੁਤ ਵੱਡੀ ਗਿਣਤੀ ਵਿਚ ਤੇ ਵੱਡੇ ਸਾਇਜ਼ ਵਿਚ ਛਪਿਆ ਸੀ। ਜਿਸ ਦੁਆਰਾ ਵੱਡੀ ਗਿਣਤੀ ਵਿਚ ਨਕਸਲਬਾੜੀ ਲਹਿਰ ਨਾਲ ਜੋੜਨ ਲਈ ਲੋਕਾਂ ਨੂੰ ਪ੍ਰੇਰਿਆ ਗਿਆ।

ਪੰਜਾਬ ਵਿਚ ਨਕਸਲੀ ਲਹਿਰ ਸ਼ੁਰੂ ਹੋਈ ਤਾਂ ਨਾਲ ਹੀ ਪੁਲਿਸ ਜ਼ਬਰ ਵੀ ਸ਼ੁਰੂ ਹੋ ਗਿਆ। ਪੰਜਾਬ ਵਿਚ ਪਹਿਲੀ ਵਾਰ ਇਸ ਤਰ੍ਹਾਂ ਦੇ ਨਾਅਰੇ ਲਾਏ ਗਏ ਅਤੇ ਉਹ ਵੀ ਹਜ਼ਾਰਾਂ ਲੋਕਾਂ ਦੀ ਭੀੜ ਦੁਆਰਾ ਨਕਸਲਬਾੜੀ ਘੋਲ ਦੇ ਹੱਕ ਵਿਚ ਮੁੱਖ ਨਾਅਰੇ ਸਨ:

'- ਨਕਸਲਬਾੜੀ ਦਾ ਕਿਸਾਨ ਅੰਦੋਲਨ-ਜ਼ਿੰਦਾਬਾਦ

---

[16] ਬਲਬੀਰ ਪਰਵਾਨਾ, ਪੰਜਾਬ ਦੀ ਨਕਸਲਬਾੜੀ ਲਹਿਰ, ਪੰਨਾ- 16

- ਸਾਰੇ ਰਾਜਨੀਤਿਕ ਬੰਦੀ-ਰਿਹਾਅ ਕਰੋ

- ਸਾਰੇ ਕਾਲੇ ਕਾਨੂੰਨ-ਰੱਦ ਕਰੋ

- ਨਕਸਲਬਾੜੀ ਸੰਘਰਸ਼ ਦੇ ਸ਼ਹੀਦਾਂ ਨੂੰ ਲਾਲ ਸਲਾਮ'[17]

ਨਕਸਲੀਆਂ ਵਿਰੁੱਧ ਕੀਤੀਆਂ ਕਾਰਵਾਈਆਂ ਵਿਅਰਥ ਸਾਬਤ ਹੋਈਆਂ ਹਨ। ਇਸ ਸੰਘਰਸ਼ ਨੂੰ ਦਬਾਉਣ ਲਈ ਆਦਿਵਾਸੀਆਂ ਨੂੰ ਨਕਸਲੀ ਕਹਿ ਕੇ ਸਿਰਫ਼ ਮਾਰਿਆਂ ਹੀ ਹੈ ਸਗੋਂ ਇਨ੍ਹਾਂ ਦੇ ਘਰ-ਬਾਰ ਵੀ ਸਾੜ ਦਿੱਤੇ। ਮਾਸੂਮ ਬੱਚਿਆਂ, ਲੜਕੀਆਂ ਅਤੇ ਔਰਤਾਂ ਨਾਲ ਸਮੂਹਿਕ ਤੌਰ ਤੇ ਬਲਾਤਕਾਰ ਕੀਤੇ ਗਏ। ਅਜਿਹੀਆਂ ਦੁਖਦ ਘਟਨਾਵਾਂ ਕਈ ਸਾਲਾਂ ਤੋਂ ਕੌਮੀ ਤੇ ਕੌਮਾਂਤਰੀ ਅਖਬਾਰਾਂ-ਰਸਾਲਿਆ ਵਿਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹਨ।

[17] ਬਲਬੀਰ ਪਰਵਾਨਾ, ਪੰਜਾਬ ਦੀ ਨਕਸਲਬਾੜੀ ਲਹਿਰ, ਪੰਨਾ 26

# ਅਧਿਆਇ ਤੀਜਾ:- ਬਲਬੀਰ ਪਰਵਾਨਾ ਦਾ ਨਾਵਲ ਸਿਮਟਦਾ ਆਕਾਸ਼ ਅਤੇ ਨਕਸਲੀ ਲਹਿਰ

## 3.1 ਸਿਮਟਦਾ ਆਕਾਸ਼ ਨਾਵਲ ਅਤੇ ਮਨੁੱਖੀ ਸੰਤਾਪ

ਬਲਵੀਰ ਪਰਵਾਨਾ ਆਜ਼ਾਦੀ ਤੋਂ ਬਾਅਦ ਦਾ ਨਾਵਲਕਾਰ ਹੈ ਉਸ ਨੇ ਨਾਵਲ ਵਿਚ ਕਿਸਾਨੀ ਸੰਕਟ, ਪੁਲਿਸ ਸਿਸਟਮ ਤੇ ਦਹਿਸ਼ਤ ਨੂੰ ਕਾਫ਼ੀ ਡੂੰਘਾਈ ਨਾਲ ਪੇਸ਼ ਕੀਤਾ। 'ਸਿਮਟਦਾ ਆਕਾਸ਼' ਨਾਵਲ ਵਿਚ ਪਰਵਾਨਾ ਨੇ ਸਮਾਜਕ ਚੇਤਨਾ ਦੀ ਗੱਲ ਕੀਤੀ ਹੈ। ਮਨੁੱਖੀ ਰਿਸ਼ਤਿਆਂ ਦੀਆਂ ਉਲਝਣਾਂ ਨੂੰ ਤੇ ਪੰਜਾਬ ਦੇ ਸੰਤਾਪ ਨੂੰ ਬੜੀ ਦਲੇਰੀ ਨਾਲ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਮਨੁੱਖ ਦੀਆਂ ਅੰਦਰੂਨੀ ਭਾਵਨਾਵਾਂ, ਔਰਤ-ਮਰਦ ਦੇ ਰਿਸ਼ਤਿਆਂ ਉੱਪਰ ਰੋਸ਼ਨੀ ਪਾਈ ਹੈ। ਮਨੁੱਖ ਦੇ ਸੰਤਾਪ ਉੱਪਰ ਕਈ ਵਿਦਵਾਨਾਂ ਨੇ ਆਪਣੇ ਮੱਤ ਪੇਸ਼ ਕੀਤੇ ਹਨ ਜਿਨ੍ਹਾਂ ਵਿਚੋਂ ਬਲਬੀਰ ਪਰਵਾਨਾ ਦਾ ਦ੍ਰਿਸ਼ਟੀਕੋਣ ਕਾਫ਼ੀ ਸਲਾਹਣਯੋਗ ਹੈ।

ਸਮਾਜ ਦਾ ਪ੍ਰਭਾਵ ਹਰ ਇੱਕ ਮਨੁੱਖ 'ਤੇ ਪੈਂਦਾ ਹੈ। ਜਿਹੋ ਜਿਹਾ ਸਮਾਜ ਹੋਵੇ ਮਨੁੱਖ ਦਾ ਸੁਭਾਅ ਵੀ ਉਸੇ ਤਰ੍ਹਾਂ ਦਾ ਬਣ ਜਾਂਦਾ ਹੈ। ਜੇ ਸਮਾਜ ਸਭਿਅਕ ਹੈ ਤਾਂ ਇਸ ਸਮਾਜ ਦੇ ਲੋਕ ਵੀ ਸਭਿਅਕ ਹੋਣਗੇ ਅਗਰ ਸਮਾਜ ਅਸਭਿਅਕ ਹੈ ਤਾਂ ਲੋਕ ਵੀ ਇਹੋ ਜਿਹੇ ਹੋਣਗੇ। ਅਸਲ ਵਿਚ ਸਮਾਜ ਤੇ ਲੋਕ ਦਾ ਆਪਸੀ ਅੰਤਰ ਸੰਬੰਧਤ ਹਨ। ਸਮਾਜ ਲੋਕਾਂ 'ਤੇ ਪ੍ਰਭਾਵ ਪਾਉਂਦਾ ਤੇ ਲੋਕਾਂ ਤੋਂ ਮਿਲ ਕੇ ਹੀ ਕਿਸੇ ਸਮਾਜ ਦਾ ਨਿਰਮਾਣ ਹੁੰਦਾ। ਇਸ ਤਰ੍ਹਾਂ ਮਨੁੱਖਾਂ ਦੇ ਇਸ ਸਮਾਜ ਵਿਚ ਦੁਖਾਂਤ ਨੂੰ ਕਿਸੇ ਤਰ੍ਹਾਂ ਵੀ ਖਾਰਜ ਨਹੀਂ ਕੀਤਾ ਜਾ ਸਕਦਾ ਹੈ ਜਿਵੇਂ ਕਿ:-

"**ਮੀਂਹ ਦੀ ਭਰਮਾਰ** ਕਾਰਨ ਸੰਤਾਲੀ ਵਿਚ ਵੱਡਾ ਹੜ੍ਹ ਆਇਆ ਤਾਂ ਉੱਥੋਂ ਕੁ ਬਿਆਸ ਚਾਰ ਛਰਿਆ ਵਿਚ ਹੋ ਕੇ ਵਹਿੰਦਾ ਸੀ। ਸੰਤਾਲੀ ਵਿਚ ਜਿਹੜਾ ਛਰਾ ਉਤਰ-ਪੂਰਬ ਵੱਲ ਵਹਿੰਦਾ ਸੀ, ਉਸ ਵਿਚ ਹੜ੍ਹ ਆ ਗਿਆ

ਸੀ।ਅੱਧਾ ਤਾਂ ਪਿੰਡ ਰੁੜ੍ਹ ਗਿਆ ਸੀ ਤੇ ਪਿੰਡ ਦੀ ਫ਼ਸਲਾਂ ਦੀ ਪੈਦਾਵਾਰ ਵਾਲੀ ਜ਼ਮੀਨ ਵੀ।ਜਦੋਂ ਪਾਣੀ ਉੱਤਰਿਆ ਤਾਂ ਸਭ ਪਾਸੇ ਰੇਤ, ਡੂੰਘੀਆਂ ਪਾਣੀ ਦੀਆਂ ਡਿੱਬਰਾਂ, ਪੱਥਰਾਂ ਦੇ ਢੇਰ ਦਿਸਣ। ਹਰਜਾਪ ਦੀ ਜ਼ਮੀਨ ਸਾਰੀ ਹੀ ਰੁੜ੍ਹ ਗਈ ਸੀ।ਹੜ੍ਹ ਦਾ ਪਾਣੀ ਉੱਤਰਨ **ਤੋਂ** ਬਾਅਦ, ਜੱਦੋ ਉਸ ਨੇ ਆ ਕੇ ਆਪਣੇ ਟੱਕ ਵੱਲ ਧਿਆਨ ਮਾਰਿਆ ਤਾਂ ਉਸ ਦਾ ਜਿਵੇਂ ਲੱਕ ਹੀ ਟੁੱਟ ਗਿਆ।ਇਸ ਤਰਾਂ ਕਈ ਲੋਕਾਂ ਨਾਲ ਵਾਪਰਿਆ।ਲੋਕਾਂ ਦਾ ਗੁਜ਼ਾਰਾ ਹੋਣਾ ਮੁਸ਼ਕਿਲ ਹੋ ਗਿਆ। ਦੋ ਚਾਰ ਸਾਲ ਲੰਘੇ ਕਿ ਬੇਲੀ ਪਰਾਲ ਦੇ ਪਹਿਲੇ ਮੁਜ਼ਾਰਿਆਂ ਨੇ ਜ਼ਮੀਨ ਆਬਾਦ ਕਰਨ ਲਈ ਯਤਨ ਸ਼ੁਰੂ ਕਰ ਦਿੱਤੇ। ਕਿਸੇ ਨੇ ਦੋ ਕਿੱਲੇ ਕਿਸੇ ਨੇ ਚਾਰ ਕਿੱਲੇ, ਜਿਵੇਂ ਉਹ ਪਹਿਲਾ ਵਾਹੁੰਦੇ ਸਨ, ਉਸ ਜ਼ਮੀਨ ਨੂੰ ਆਬਾਦ ਕਰ ਕੇ ਫ਼ਸਲਾਂ ਬੀਜਣੀਆਂ ਸ਼ੁਰੂ ਕਰ ਦਿੱਤੀਆਂ। ਪੰਜ ਛੇ ਸਾਲਾਂ ਵਿਚ ਅੱਧੀ ਕੁ ਜ਼ਮੀਨ ਆਬਾਦ ਹੋ ਗਈ, ਤਾਂ ਵੀ ਮਾਲਕਾਂ ਵੱਲੋਂ ਕੋਈ ਤਵੱਜੋ ਨਾ ਮਿਲੀ ਜਿੰਨੀ ਕੁ ਵੰਡਾਈ ਕੋਈ ਦੇ ਦਿੰਦਾ ਲੈ ਲੈਂਦੇ। ਫ਼ਸਲ ਵੀ ਘੱਟ ਹੁੰਦੀ ਸੀ।"[18]

ਜਦੋਂ ਸੰਤਾਲੀ ਦੀ ਵੰਡ ਹੋਈ ਤਾਂ ਉਸ ਸਮੇਂ ਸਮਾਜ ਵਿਚ ਬਹੁਤ ਹਫ਼ੜਾ-ਦਫ਼ੜੀ ਮੱਚ ਗਈ ਸੀ। ਕਈ ਲੋਕ ਬੇਘਰ ਹੋ ਗਏ ਸੀ। ਲੋਕਾਂ ਦੀਆਂ ਕਈ ਪੀੜੀਆਂ ਉੱਥੇ ਰਹੀਆਂ ਪਰ ਸੰਤਾਲੀ ਦੀਆਂ ਬਰਸਾਤਾਂ 'ਚ ਆ ਕੇ ਏਨੇ ਜ਼ੋਰ ਦਾ ਮੀਂਹ ਪਿਆ ਕਿ ਪਿੰਡਾਂ ਦੇ ਪਿੰਡ ਤਬਾਹ ਹੋ ਗਏ**,** ਲੋਕਾਂ ਦੀਆਂ ਫ਼ਸਲਾਂ ਤਬਾਹ ਹੋ ਗਈਆਂ ਜਿਸ ਕਾਰਨ ਪੰਜਾਬ 'ਤੇ ਆਰਥਿਕ ਮੰਦਹਾਲੀ ਛਾਅ ਗਈ। ਜਦੋਂ ਦੇਸ਼ ਆਜ਼ਾਦ ਹੋਇਆਂ ਤਾਂ ਲੋਕਾਂ ਨੇ ਆਪਣੇ ਨੁਕਸਾਨ ਦੀ ਭਰਵਾਈ ਸਰਕਾਰ ਤੋਂ ਕਰਾਉਣ ਦੀ ਮੰਗ ਕੀਤੀ ਪਰ ਜਦੋਂ ਕਿਸਾਨਾਂ **ਨੂੰ** ਆਪਣੀ ਤਬਾਹ ਹੋਈ ਫ਼ਸਲ ਦਾ ਮੁਆਵਜਾ ਸਰਕਾਰ ਪਾਸੋਂ ਨਹੀਂ ਮਿਲਿਆ ਤਾਂ ਇਸ ਰੋਸ ਵਜੋਂ ਸਰਕਾਰ ਦੇ ਵਿਰੁੱਧ ਰੋਸ, ਮੁਜ਼ਾਹਰੇ ਹਹੋਣ ਲੱਗੇ। ਨਕਸਲਵਾਦ ਲਹਿਰ ਦੇ ਸੁਲਗਣ ਵਿਚ ਇਹ ਵੀ ਇੱਕ ਕਾਰਨ ਬਣਿਆ। ਗ਼ਰੀਬ ਲੋਕ, ਆਪਣੀਆਂ ਜ਼ਮੀਨਾਂ ਛਡਾਉਣ ਲਈ ਸੰਘਰਸ਼ ਕਰਨ ਲੱਗੇ। ਨਾਵਲ ਵਿਚ ਇਹ ਘਟਨਾ ਪ੍ਰਮੁੱਖ ਰੂਪ ਵਿਚ

[18] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 9-10

ਉਭਰਦੀ ਹੈ ਸਿਮਟਦਾ ਅਕਾਸ਼ ਵਿਚ ਵਰਕਰ ਆਪਣੇ ਹੱਕਾਂ ਲਈ ਲੜ ਰਹੇ ਹਨ:

" ਇਹ ਸਮਾਜ ਅਮੀਰਾਂ ਗ਼ਰੀਬਾਂ 'ਚ ਵੰਡਿਆ ਹੋਇਆ ਹੈ। ਇਸ 'ਚ ਕੁੱਝ ਲੋਕ ਖਾਣ ਲਈ ਜਿਊਂਦੇ ਹਨ ਤੇ ਕੁੱਝ ਜਿਊਣ ਲਈ ਖਾਂਦੇ ਹਨ। ਆਸੇ ਪਾਸੇ ਨੂੰ ਗਹੁ ਨਾਲ ਦੇਖਣਾ ਚਾਹੀਦਾ ਤੇ ਜਿਹੜਾ ਕੁੱਝ ਤਰਕ ਦੀ ਕਸਵੱਟੀ ਤੇ ਸਹੀ ਲੱਗੇ, ਉਸ ਨੂੰ ਹੀ ਆਪਣੀ ਜ਼ਿੰਦਗੀ ਤੇ ਲਾਗੂ ਕਰਨਾ ਚਾਹੀਦਾ। ਅੱਤਵਾਦੀ ਲਹਿਰ ਵਿਚ ਮੌਤਾਂ ਦਾ ਛੱਟਾ ਦੇਣ ਨਾਲੋਂ ਵੀ ਵੱਧ ਖ਼ਤਰਨਾਕ ਹੈ ਨਫ਼ਰਤ ਦਾ ਜ਼ਹਿਰ ਪੰਜਾਬੀਆਂ ਦੀਆਂ ਜੜ੍ਹਾਂ ਤੱਕ ਰਿਸਣਾ ਤੇ ਜਵਾਨੀ ਦੇ ਮਨਾਂ 'ਚ ਹਥਿਆਰਾਂ ਦੀ ਚਾਹਤ ਦਾ ਜਲੌਅ ਭਰ ਦੇਣਾ। 'ਮਜ਼ਦੂਰ ਏਕਤਾ, ਜ਼ਿੰਦਾਬਾਦ', ਠੇਕੇਦਾਰੀ ਸਿਸਟਮ ਬੰਦ ਕਰੋ', ਵਰਕਰਾਂ ਦੀ ਲੁੱਟ ਨਹੀਂ ਚੱਲੇਗੀ', ਰੈਡੀਕਲ ਵਰਕਰਜ਼ ਯੂਨੀਅਨ, ਜ਼ਿੰਦਾਬਾਦ' ਜਿਹੇ ਨਾਅਰੇ ਹਵਾ 'ਚ ਗੂੰਜਣ ਲੱਗੇ।ਇੱਕ ਵਾਰ ਤਾਂ ਠੇਕੇਦਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ ਪਹਿਲਾ ਹੀ ਅੰਦਰ ਕੰਮ ਕਰਦੇ ਮਜ਼ਦੂਰਾਂ ਨੂੰ ਡਬਲ ਦਿਹਾੜੀ ਦਾ ਲਾਲਚ ਦੇ ਕੇ ਛੁੱਟੀ ਨਾ ਕਰਨ ਦਿੱਤੀ।ਹਰਬੰਸ ਸਿੰਘ, ਗ਼ਰੀਬ ਘਰ ਦਾ,ਆਪਣੇ ਚਾਰ ਭਰਾਵਾਂ 'ਚੋਂ ਸਭ ਤੋਂ ਛੋਟਾ ਸੀ।ਉਸ ਦਾ ਬਾਪ ਵੀ ਹੱਡੋਂ ਨਰੋਆ ਸੀ।ਘਰ 'ਚ ਕੰਮ ਚੱਲਦਾ ਹੋਣ ਕਰ ਕੇ, ਨਾ ਤਾਂ ਉਸ ਨੂੰ ਕੋਈ ਜ਼ੋਰ ਦੇ ਕੇ ਆਖਦਾ ਤੇ ਨਾ ਹੀ ਉਹ ਆਪ ਕਰਨ ਦੇ ਰਾਹ ਤੁਰਦਾ।ਵਿਹਲੇ ਘੁੰਮਦੇ ਦਾ ਫਿਰ ਨਕਸਲੀਆਂ ਨਾਲ ਸੰਪਰਕ ਹੋ ਗਿਆ ਤੇ ਉਨ੍ਹਾਂ ਦੇ ਜਲਸਿਆਂ 'ਚ ਜਾਣ ਲੱਗਾ"[19]

ਸਮਾਜ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੀਕ ਪੂੰਜੀਪਤੀ ਦੀ **ਜਿੱਤ** ਦਰਜ਼ ਹੁੰਦੀ ਰਹੀ ਹੈ ਤੇ ਗ਼ਰੀਬ ਦੀ ਆਵਾਜ਼ ਨੂੰ ਮੱਧਮ ਕਰ ਦਿੱਤਾ ਜਾਂਦਾ ਰਿਹਾ ਹੈ। ਇਹ ਦੌਰ ਬਦਸਤੂਰ ਜ਼ਾਰੀ ਹੈ। ਅੱਜ ਵੀ ਇਹ ਹਿੰਸਾ ਖ਼ਤਮ ਨਹੀਂ ਹੋ ਰਹੀ ਸਗੋਂ ਵੱਧ ਰਹੀ ਹੈ। ਨਕਸਲਵਾਦ ਵਧਣ ਦੇ ਕਾਰਨ ਨੌਜਵਾਨਾਂ ਨੇ ਹਥਿਆਰ ਚੁੱਕ ਲਏ। ਜਿਹੜੇ ਲੋਕ ਕੰਮਾਂ ਕਾਰਾਂ 'ਤੇ ਜਾਂਦੇ ਸੀ ਉਨ੍ਹਾਂ ਤੋਂ ਦੁੱਗਣਾ ਕੰਮ ਕਰਵਾਇਆ ਗਿਆ ਤਾਂ ਕਿ ਉਹ **ਸਰਕਾਰਾਂ** ਖ਼ਿਲਾਫ਼ ਨਾ ਬੋਲ ਸਕਣ ਤੇ ਉਹ ਆਪਣੇ ਹੱਕ ਲਈ ਲੜ ਨਾ ਸਕਣ। ਕੁੱਝ ਮਜ਼ਦੂਰ ਆਪਣੇ ਆਪ ਨੂੰ ਵਿਕਾ ਚੁੱਕੇ ਸਨ। ਥੋੜ੍ਹੇ ਪੈਸਿਆਂ

[19] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 53

ਲਈ ਆਪਣਾ ਅਮਾਨ ਵੇਚ ਦਿੱਤਾ। ਇਸ ਤੋਂ ਇਲਾਵਾ ਨਕਸਲਵਾਦ ਕਾਰਨ ਬਹੁਤ ਸਾਰੇ ਲੋਕ ਇਸ ਵਿਚ ਸ਼ਾਮਿਲ ਹੋ ਗਏ। ਜਦੋਂ ਵਿਦਿਆਰਥੀਆਂ ਦੀਆਂ ਫ਼ੀਸਾਂ ਵਧਾਈਆਂ ਗਈਆਂ ਤਾਂ ਉੱਥੋਂ ਦੇ ਮੁੰਡਿਆਂ ਨੇ ਧਰਨੇ ਦੇ ਦਿੱਤੇ ਤੇ ਕੁੜੀਆਂ ਨੇ ਵੀ ਇਸ ਵਿਚ ਆਪਣਾ ਯੋਗਦਾਨ ਪਾਇਆ ਜੋ ਇੱਕ ਖ਼ਤਰਨਾਕ ਰੂਪ ਧਾਰਨ ਕਰ ਗਿਆ।ਲੜਕੀਆਂ ਨਾਲ ਧੱਕਾ ਹੋਣ ਲੱਗਾ। ਉਨ੍ਹਾਂ ਤੇ ਲਾਠੀਚਾਰਜ ਕੀਤਾ ਜਾਂਦਾ ਸੀ। ਇਹੋ ਜਿਹੀ ਝਲਕ ਨਾਵਲ ਵਿਚ ਦੇਖ ਸਕਦੇ ਹਾਂ:

" ਜੋਸ਼ ਵਿਚ ਆਈਆਂ ਕੁੜੀਆਂ ਅਗਾਂਹ ਵਧਣ ਲੱਗੀਆਂ। ਧੱਕੇ-ਮੁੱਕੀ 'ਚ ਜਦੋਂ ਪੁਲਿਸ ਵਾਲਿਆਂ ਦੀਆ ਲਾਈਨਾਂ ਟੁੱਟਣ ਲੱਗੀਆਂ ਤਾਂ ਲਾਠੀਚਾਰਜ ਦਾ ਹੁਕਮ ਦੇ ਦਿੱਤਾ ਗਿਆ। ਹਵਾਈ ਫਾਇਰਿੰਗ ਵੀ ਕੀਤੀ।ਮੁਜ਼ਾਹਰਾ ਖਿੰਡ ਗਿਆ। ਜੋ ਉੱਥੇ ਬਚ ਗਏ ਸਨ ਤਾਂ ਭੁਪਿੰਦਰ ਨਾਲ ਪੰਜਾਹ ਕੁ ਮੁੰਡੇ ਕੁੜੀਆਂ, ਜਿਨ੍ਹਾਂ ਵਿਚੋਂ ਕਈਆਂ ਦੇ ਗੰਭੀਰ ਸੱਟਾਂ ਲੱਗੀਆਂ ਸਨ ਉਨ੍ਹਾਂ ਨੂੰ ਪੁਲਿਸ ਨੇ ਹਿਰਾਸਤ 'ਚ ਲੈ ਲਿਆ।"[20]

ਨਕਸਲਵਾਦ ਲਹਿਰ ਵਿਚ ਸਾਰੇ ਨੌਜੁਆਨ ਕੁੜੀਆਂ ਮੁੰਡੇ ਆਪਣਾ ਯੋਗਦਾਨ ਪਾਉਂਦੇ ਸੀ।ਪੁਲਿਸ ਵੀ ਉਨ੍ਹਾਂ ਦੇ ਨਾਲ ਹੀ ਰਹਿੰਦੀ ਸੀ ਤਾਂ ਕਿ ਕੋਈ ਘਟਨਾ ਨਾ ਵਾਪਰ ਜਾਵੇ।ਜਦੋਂ ਉਹ ਅੱਗੇ ਹੋ ਕੇ ਨਾਅਰਾ ਦਿੰਦੇ ਤਾਂ ਪੁਲਿਸ ਉਨ੍ਹਾਂ 'ਤੇ ਹਮਲਾ ਕਰ ਦਿੰਦੀ ਸੀ। ਕਿ ਇਨ੍ਹਾਂ ਨੂੰ ਪਿਛਾਂਹ ਹਟਾਇਆ ਜਾਵੇ।ਪਰ ਉਹ ਪਿਛਾਂਹ ਨਾ ਹਟੇ ਸਗੋਂ ਡਟ ਕੇ ਅਗਾਂਹ ਵਧਦੇ। ਉਨ੍ਹਾਂ 'ਚ ਪੂਰਾ ਉਤਸ਼ਾਹ ਭਰਿਆ ਹੋਇਆ ਸੀ। ਉਹ ਆਪਣੀਆਂ ਮੰਗਾਂ ਮਨਵਾ ਲੈਣਾ ਚਾਹੁੰਦੇ ਸਨ। ਉਹ ਆਪਣੇ ਹੱਕ ਲਈ ਲੜਨਾ ਜਾਣਦੇ ਸੀ। ਉਹ ਚਾਹੁੰਦੇ **ਸਨ ਕਿ** ਫੀਸਾਂ ਘੱਟ ਕੀਤੀਆਂ ਜਾਣ। 'ਜਦੋਂ ਇਨਕਲਾਬ ਦਾ ਜ਼ੋਰ ਥੋੜ੍ਹਾ ਘਟਿਆ ਤਾਂ ਤਿਰਲੋਚਨ ਨੇ ਇੱਕ ਚਿੱਠੀ ਸੁਦੇਬ ਨੂੰ ਲਿਖੀ।

"ਸੰਘਰਸ਼ ਸ਼ੁਰੂ ਹੋ ਚੁੱਕਾ ਹੈ। ਕੁਲ ਦੁਨੀਆ ਵਿਚ ਸੰਘਰਸ਼ ਹੋ ਚੁੱਕਾ ਹੈ। ਇਸ ਸੰਘਰਸ਼ ਨਾਲ ਦੁਨੀਆ 'ਤੇ ਛਾਈ ਹੋਈ ਕਾਲੀ ਬੋਲੀ ਰਾਤ ਦੇ ਖ਼ਾਤਮੇ ਦੀ ਸ਼ੁਰੂਆਤ ਹੋ ਚੁੱਕੀ ਹੈ। ਹਰ ਦੇਸ਼ ਅੰਦਰ ਲੁੱਟੇ ਪੁੱਟੇ ਜਾਂ ਰਹੇ ਲੋਕ ਜਾਗ

[20] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 35

ਰਹੇ ਹਨ। ਸਾਡੀ ਧਰਤੀ ਤੇ ਭੁੱਖਾਂ ਦੇ ਸਤਾਏ ਲੋਕ ਜੂਝ ਰਹੇ ਹਨ। ਸ੍ਰੀਕਾਕੁਲਮ ਜੂਝ ਰਿਹਾ ਹੈ।ਗੋਪੀਬਲਵਪੁਰ ਬਰਹਗਦਾ ਜੂਝ ਰਹੇ ਹਨ। ਨਕਸਲਬਾੜੀ ਦੀ ਇੱਕ ਚੰਗਿਆੜੀ ਨੇ ਸਾਰੇ ਭਾਰਤ ਅੰਦਰ ਅੱਗ ਫੈਲਾ ਦਿੱਤੀ ਹੈ। ਇਸ ਅੱਗ ਵਿਚ ਉਹ ਲੋਕ ਭਸਮ ਕਰ ਦਿੱਤੇ ਜਾਣਗੇ, ਜਿਨ੍ਹਾਂ ਨੇ ਗਰੀਬਾਂ ਦੇ ਖ਼ੂਨ ਨਾਲ ਆਪਣੇ ਮਹਿਲ ਉਸਾਰੇ ਹਨ।"[21]

**ਇਸ ਪ੍ਰਕਾਰ ਤਿਰਲੋਚਨ ਪਾਤਰ ਦੀ ਚਿੱਠੀ ਲਿਖਣ ਦੀ ਘਟਨਾ ਰਾਹੀਂ ਬਲਬੀਰ ਪਰਵਾਨਾ ਲਹਿਰ ਦੇ ਪੰਜਾਬ 'ਚ ਸ਼ੁਰੂ ਹੋਣ ਦਾ ਸੰਕੇਤ ਦਿੰਦਾ ਹੈ।** ਤਿਰਲੋਚਨ ਨੇ ਸੁਦੇਬ ਨੂੰ ਚਿੱਠੀ ਦੌਰਾਨ ਅਗਾਂਹ ਕੀਤਾ ਕਿ ਸੰਘਰਸ਼ ਸ਼ੁਰੂ ਹੋ ਚੁੱਕਾ ਹੈ ਤੇ ਇਹ ਸਾਰਾ ਸੰਘਰਸ਼ ਕਿਸਾਨਾਂ ਦੇ ਹੱਕ ਲਈ ਹੋ ਰਿਹਾ ਸੀ। ਉਸ ਸਮੇਂ ਸੰਘਰਸ਼ ਆਪਣਾ ਜ਼ੋਰ ਫੜ ਚੁੱਕਾ ਸੀ। ਸਾਰੇ ਸਮਾਜ ਦੇ ਲੋਕ ਇਸ ਸੰਘਰਸ਼ ਵਿਚ ਸ਼ਾਮਲ ਹੋ ਰਹੇ ਹਨ ਤੇ ਸਭ ਲੋਕ ਆਪਣੇ ਹੱਕ ਦੇ ਖ਼ਾਤਰ ਜੂਝ ਰਹੇ ਹਨ। ਸਿਰਫ਼ ਇੱਕ ਚੰਗਿਆੜੀ ਸੁੱਟਣ ਦੀ ਦੇਰ ਸੀ ਉਹ ਸੋਚਦਾ ਹੁੰਦਾ ਸੀ ਕਿ ਜਿਹੜੇ ਮਰ ਗਏ ਉਨ੍ਹਾਂ ਦੇ ਸੁਪਨਿਆਂ ਨੂੰ ਵੀ ਅਸੀਂ ਪੂਰਾ ਕਰਨਾ ਹੈ। ਉਨ੍ਹਾਂ ਦੇ ਹਿੱਸੇ ਦੇ ਕੰਮ ਵੀ ਅਸੀਂ ਨੇਪਰੇ ਚਾੜ੍ਹਨੇ ਹਨ। ਸਗੋਂ ਮੁਲਜ਼ਮਾ ਨੂੰ ਵੀ ਸਜ਼ਾ ਅਸੀਂ ਸਭ ਨੇ ਰਲ ਕੇ ਦਿਵਾਉਣੀ ਹੈ। ਉੱਧਰ ਪੁਲਿਸ ਵੀ ਆਪਣਾ ਡੇਰਾ ਪਾਈ ਬੈਠੀ ਸੀ ਕਿਉਂਕਿ ਕਾਮਰੇਡਾਂ ਨੇ ਧਾਰਨਾ ਲਗਾਇਆ ਹੋਇਆ ਸੀ। ਉਹ ਕਿਸਾਨਾਂ ਨੂੰ ਉਨ੍ਹਾਂ ਦਾ ਰਾਜ ਸਤ੍ਹਾ ਤੋ ਖੋਹ ਕੇ ਦੇਣਾ ਚਾਹੁੰਦੇ ਸੀ ਤਾਂ ਕਿ ਉਹ ਵੀ ਸੁਖ ਦੀ ਜ਼ਿੰਦਗੀ ਜੀਅ ਸਕਣ । ਇਲਾਕੇ ਵਿਚ ਪੋਸਟਰ ਲਗਵਾਉਣ ਦਾ ਵੀ ਕੰਮ ਕੀਤਾ ਗਿਆ। ਇਨ੍ਹਾਂ ਤੋ ਡਰਦੀ ਪੁਲਿਸ ਨੇ ਖ਼ੂਫ਼ੀਆਂ ਤੰਤਰ ਦਾ ਜਾਲ ਵਿਛਾਇਆਂ ਤੇ ਕਈਆਂ ਨੂੰ ਪੁਲਿਸ ਦਾ ਖੌਫ਼ ਪੈ ਗਿਆ। ਜਿਵੇਂ:-

"ਉਸ ਨੂੰ ਪੁਲਿਸ ਨੇ ਚੁੱਪ-ਚੁਪੀਤੇ ਸ਼ਹਿਰ ਜਾਂਦੇ ਨੂੰ ਚੁੱਕ ਲਿਆ। ਉਹ ਪਹਿਲੀ ਕੁੱਟ ਮੂਹਰੇ ਹੀ ਬੱਕ ਪਿਆ। ਪੁਲਿਸ ਨੇ ਅਗਾਂਹ ਦਾਅ ਮਰਿਆ, "ਜਾਂ ਤਾਂ ਉਨ੍ਹਾਂ ਨੂੰ ਫੜਾ ਦੇ ਤੇ ਜਾਂ ਅਸੀਂ ਗੱਡੀ ਚਾੜ੍ਹ ਦੇਣਾ।" ਇਸ ਡਰ 'ਚੋਂ

[21] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 35

ਉਹ ਮੌਕੇ ਦੀ ਤਾਕ 'ਚ ਸੀ ਪਰ ਬਚਿਆ ਉਹ ਫਿਰ ਵੀ ਨਾ ਪਤਾ ਨਹੀਂ ਉਸ ਦੇ ਅੰਦਰ ਡਹਿਲ ਕਿਉਂ ਪੈ ਗਿਆ ਸੀ ਕਿ ਸਾਨੂੰ ਹੁਣ ਕਾਮਰੇਡਾਂ ਨੇ ਨਹੀਂ ਛੱਡਣਾ ਜਾਂ ਫਿਰ ਆਪਣੀ ਗੱਦਾਰੀ ਕਰ ਕੇ ਮਨ 'ਚ ਹੀਣਤਾ ਤੇ ਪ੍ਰੇਸ਼ਾਨੀ ਜਾਂ ਥਾਣੇ 'ਚ ਜਿਵੇਂ ਤਿਰਲੋਚਨ ਹੁਰਾਂ ਨੂੰ ਮਾਰਨ ਤੋਂ ਪਹਿਲਾ ਕੋਹ ਕੋਹ ਕੇ ਤਸੀਹੇ ਦਿੱਤੇ ਗਏ......।"[22]

**ਇਸ ਨਾਵਲ ਦਾ ਬਿਰਤਾਂਤ ਮਨੁੱਖੀ ਸੰਤਾਪ ਦੀ ਕਹਾਣੀ ਵਿਸਥਾਰ ਨਾਲ ਬਿਆਨ ਕਰਦਾ ਹੈ। ਨਾਵਲ ਵਿਚ ਕਈ ਘਟਨਾਵਾਂ ਇਸ ਤਰਫ਼ ਸੰਕੇਤ ਕਰਦੀਆਂ ਹਨ।** ਪੁਲਿਸ ਨੇ ਬੇਕਸੂਰਾਂ ਨੂੰ ਫੜ ਲਿਆ ਤੇ ਉਨ੍ਹਾਂ 'ਤੇ ਅੱਤਿਆਚਾਰ ਕੀਤੇ ਗਏ ਜਿਸ ਵਿਚੋਂ ਬਲਵੰਤ ਨੂੰ ਪੁਲਿਸ ਨੇ ਰਾਹ ਜਾਂਦਿਆਂ ਫੜ ਲਿਆ ਕਿਉਂਕਿ ਉਹ ਕਾਮਰੇਡਾਂ ਨਾਲ ਰਲਿਆ ਹੋਇਆ ਸੀ। ਉਹ ਹਥਿਆਰਾਂ ਦਾ ਤਸੱਦਰ ਸੀ। ਪੁਲਿਸ ਨੇ ਉਸ ਤੋਂ ਸਭ ਪੁੱਛਣਾ ਚਾਹਿਆ ਪਰ ਉਹ ਡਰਦਾ ਸੀ ਕਿ ਉਸ ਦੇ ਸਾਥੀਆਂ ਨੂੰ ਨਾ ਪਤਾ ਲੱਗ ਜਾਵੇ। ਉਹ ਉਨ੍ਹਾਂ ਨਾਲ ਗੱਦਾਰੀ ਨਹੀਂ ਕਰਨਾ ਚਾਹੁੰਦਾ ਸੀ ਕਿ ਉਸ ਦੇ ਦੋਸਤ ਉਸ ਨੂੰ ਮਤਲਬੀ ਸਮਝਣਗੇ। ਉਸ ਦੀ ਮਾਨਸਿਕਤਾ ਇਹ ਕਰਨ ਤੋਂ ਮਨਾ ਕਰ ਰਹੀ ਸੀ।

ਇਹ ਨਾਵਲ ਮਾਨਵੀ ਸੰਤਾਪ ਦੀਆਂ ਪਰਤਾਂ ਨੂੰ ਪੇਸ਼ ਕਰਦਾ ਹੈ। ਜਿਨ੍ਹਾਂ ਵਿਚੋਂ ਵਧੇਰੇ ਕਰਕੇ ਮਾਨਵੀ ਸੰਤਾਪ ਦੀਆਂ ਸਮਾਜਕ ਅਤੇ ਆਰਥਕ ਗੁੰਝਲਾਂ ਨੂੰ ਪੇਸ਼ ਕਰਦਾ ਹੈ। **ਇਸ ਨਾਵਲ ਦੇ ਪਾਤਰ** ਜੱਸੀ ਦਾ ਵਿਆਹ ਮਨਜੀਤ ਨਾਲ ਹੋ ਗਿਆ ਤੇ ਉਹ ਜੱਸੀ ਦੇ ਹਰੇਕ ਕੰਮ ਵਿਚ ਦਖ਼ਲ ਅੰਦਾਜ਼ੀ ਕਰਨ ਲੱਗੀ ਉਹ ਕਿਸੇ ਨਾਲ ਵੀ ਵਰਤਣ ਵਿਹਾਰ ਨਹੀਂ ਰੱਖਦੀ ਸੀ। ਉਸ ਨੇ ਜੱਸੀ ਨੂੰ ਕਿਹਾ ਕਿ ਉਹ ਆਪਣੇ ਭਰਾਵਾਂ ਤੋਂ ਜ਼ਮੀਨ ਛੁਡਾ ਵੇ ਤੇ ਜੱਸੀ ਨੇ ਲਹਿਜ਼ੇ ਨਾਲ ਕਿਹਾ ਭਾਅ ਇਸ ਵਾਰ ਤੁਸੀਂ ਮੇਰੇ ਵਾਲੀ ਜ਼ਮੀਨ ਨਾ ਵਾਹਿਓ। ਜੱਸੀ ਨੇ ਕਣਕ ਦੇ ਵੱਢ ਵੱਲ ਤੱਕਦਿਆਂ ਕਿਹਾ।ਉਸ ਦੀ ਭਰਾ ਦੇ ਅੱਖਾਂ 'ਚ ਅੱਖਾਂ ਪਾਉਣ ਦੀ ਹਿੰਮਤ ਨਾ ਰਹੀ। ਫਿਰ ਉਸ ਨੇ ਮਾਂ ਨੂੰ ਹਿਮਾਇਤ ਕੀਤੀ।ਉਸ ਦੀ ਮਾਂ ਨੇ ਜੱਸੀ ਨੂੰ ਕਿਹਾ।

[22] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 30

" ਦਸ ਪੰਦਰਾਂ ਦਿਨ ਉਸ ਨੇ ਸੋਚਦਿਆਂ ਹੀ ਲੰਘਾਂ ਦਿੱਤੇ ਸਨ, ਕਿਵੇਂ ਕਹੇ ਭਰਾ ਨੂੰ ਜ਼ਮੀਨ ਛੱਡ ਦੇਣ ਲਈ। ਖ਼ਾਸ ਕਰ ਕੇ ਉਸ ਹਾਲਤ 'ਚ, ਜਦੋਂ ਉਸ ਨੂੰ ਉਸ ਦੀ ਆਰਥਕ ਹਾਲਤ ਮਾੜੀ ਲੱਗਦੀ ਸੀ, ਤਿੰਨ ਬੱਚੇ ਸਨ, ਵੱਡੀਆਂ ਦੋ ਕੁੜੀਆਂ, ਜੋਤੀ ਪੰਜਵੀਂ 'ਚ ਪੜ੍ਹ ਰਹੀ ਸੀ ਤੇ ਚਰਨਜੀਤ ਤੀਸਰੀ 'ਚ ਉਨ੍ਹਾਂ ਤੋਂ ਛੋਟਾ ਗੁਰਮੁੱਖ ਸੀ ਜਿਹੜਾ ਅਜੇ ਸਕੂਲ ਨਹੀਂ ਸੀ ਜਾਣ ਲੱਗਾ, ਪੰਜ ਜੀਅ ਖਾਣ ਵਾਲੇ ਤੇ ਘਰ 'ਚ ਇਕੱਲਾ ਉਹ ਕਮਾਊ। ਚਾਰ ਕਿੱਲੇ ਜ਼ਮੀਨ ਦੇ। ਮਣੀ ਵੱਲ ਦੀ ਤਾਂ ਪੂਰੀ ਤਰ੍ਹਾਂ ਮੀਹਾਂ ਦੇ ਰਹਿਮ 'ਤੇ ਹੁੰਦੀ। ਜੱਸੀ ਵਾਲੀ ਨਾਲ ਰਲਾ ਕੇ ਉਸ ਦਾ ਗੁਜ਼ਾਰਾ ਮਾੜਾ ਮੋਟਾ ਤੁਰਿਆ ਹੋਇਆ ਸੀ। ਮਨਜੀਤ ਦੂਜੇ ਚੌਥੇ ਉਸ ਨੂੰ ਪੁੱਛਦੀ, "ਕਹਿ ਦਿੱਤਾ ਉਸ ਨੂੰ ਕਿ ਇਸ ਵਾਰ ਤੋਂ ਜ਼ਮੀਨ ਅਸੀਂ ਆਪ ਵਾਹੁਣੀ ਹੈ"[23]

ਜੱਸੀ ਦੀ ਆਪਣੇ ਭਰਾ ਨੂੰ ਕਹਿਣ ਦੀ ਹਿੰਮਤ ਨਾ ਪਈ।ਉਹ ਮਨਜੀਤ ਨੂੰ ਕੁੱਝ ਨਾ ਕੁੱਝ ਕਹਿ ਕੇ ਟਾਲ ਦਿੰਦਾ ਸੀ। ਜਦੋਂ ਉਹ ਆਪਣੇ ਭਰਾ ਦੀ ਆਰਥਿਕ ਹਾਲਤ ਮਾੜੀ ਦੇਖਦਾ ਤਾਂ ਉਸ ਦੀ ਹਿੰਮਤ ਨਾ ਪੈਂਦੀ ਹੁਣ ਜੱਸੀ ਨੂੰ ਵੀ ਖੇਤਾਂ ਨਾਲ ਪਿਆਰ ਹੋ ਗਿਆ ਸੀ। ਉਹ ਜਦ ਖੇਤਾਂ 'ਚ ਜਾਂਦਾ ਤਾਂ ਉਸ ਨੂੰ ਅੰਦਰੋਂ ਅਹਿਸਾਸ ਉਗਮਦਾ ਕਿ ਇਹ ਉਸ ਦੀ ਮਾਲਕੀ ਹੈ। ਇੱਥੇ ਜੱਸੀ ਦੇ ਅੰਦਰ ਕਿਤੇ ਨਾ ਕਿਤੇ ਲਾਲਚ ਪੈਦਾ ਹੋ ਜਾਂਦਾ ਹੈ ਪਰ ਉਹ ਖੇਤਾਂ ਨੂੰ ਵਾਹੁਣ ਤੋਂ ਡਰਦਾ ਸੀ। ਫਿਰ ਜੱਸੀ ਨੇ ਹਿੰਮਤ ਕਰ ਕੇ ਕਹਿ ਦਿੱਤਾ ਕਿ ਇਸ ਵਾਰ ਉਹ ਜ਼ਮੀਨ ਵਾਹੁਣਗੇ।ਉਸ ਸਮੇਂ ਜਦੋਂ ਲਹਿਰ ਪੂਰੇ ਜ਼ੋਰ ਤੇ ਸੀ। ਉਸਨੇ ਜਮੀਨ ਵਾਹ ਲਈ ਪਰ ਲਹਿਰ ਕਾਰਨ ਉਸ ਤੋਂ ਕੰਮ ਨਾ ਹੋਇਆ। ਅਠਤਾਲੀ ਵਿਚ ਜਦੋਂ ਕਾਮਰੇਡ ਸਰਦਾਰਾ ਲਹਿਰ 'ਚ ਸ਼ਾਮਿਲ ਹੋਇਆ ਤਾਂ ਉਸ ਸਮੇਂ ਉਸ ਦੀ ਉਮਰ ਸਿਰਫ਼ ਪੰਝੀ ਸਾਲਾਂ ਦੀ ਸੀ। ਉਨ੍ਹਾਂ ਦੇ ਪਿੰਡ ਦਾ ਮਣਸਾ ਸਿੰਘ ਲਹਿਰ ਦਾ ਹਮਦਰਦ ਸੀ, ਜਿਸ ਦੇ ਘਰ ਅਕਸਰ ਕਾਮਰੇਡ ਆਏ ਰਹਿੰਦੇ ਸੀ। ਜਦੋਂ ਉਹ ਪੂਰੀ ਤਰ੍ਹਾਂ ਲਹਿਰ ਨਾਲ ਸਰਗਰਮ ਹੋ ਗਿਆ। ਉਸ ਦੇ ਮਾਂ-ਬਾਪ ਨੇ ਬਹੁਤ ਰੁਕਿਆ ਪਰ ਉਹ ਅਗਾਂਹ ਤੋਂ ਅਗਾਂਹ ਵਧਦਾ ਗਿਆ ਇੱਥੇ ਉਸ ਦੇ ਮਾਂ-ਬਾਪ ਦੀ ਆਰਥਿਕ ਹਾਲਾਤ ਪੇਸ਼

[23] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 41

ਕੀਤੀ ਹੈ:

" ਪੈਂਹਠ 'ਚ ਆ ਕੇ ਉਸ ਦੇ ਬਾਪ ਦੀ ਮੌਤ ਹੋ ਗਈ ਤਾਂ ਖੇਤੀ ਰੁਲਨ ਲੱਗੀ। ਨਿਹਾਲ ਕੌਰ ਜਿੰਨੀ ਕੁ ਆਪ ਹਿੰਮਤ ਕਰ ਸਕਦੀ ਸੀ ਜਿੰਨਾ ਕੁ ਕਿਸੇ ਤੋਂ ਕਹਿ ਕੁਹਾ ਕੇ ਕਰਾ ਸਕਦੀ ਸੀ, ਉਹ ਕਰਦੀ ਰਹੀ। ਉਹ ਘਰ ਹੁੰਦਾ ਤਾਂ ਮਨ ਮਾਰ ਕੇ ਕੰਮ ਕਰਦਾ ਪਰ ਜਦੋਂ ਕਿਸੇ ਮੁਹਿੰਮ 'ਤੇ ਨਿਕਲਿਆ ਹੁੰਦਾ ਤਾਂ ਪਿੱਛੇ ਦੀ ਉੱਕੀ ਚਿੰਤਾ ਨਾ ਕਰਦਾ ਕਿ ਮੁੰਡਾ ਦਰਸ਼ੀ ਆਵਾਰਾ ਜਿਹਾ ਹੋ ਗਿਆ, ਨਾ ਉਹ ਪੜ੍ਹ ਸਕਿਆ ਤੇ ਨਾ ਹੀ ਹੋਰ ਕੋਈ ਕੰਮ ਸਿੱਖ ਕੇ ਰੁਜ਼ਗਾਰ ਸਿਰ ਹੋਇਆ ਨਾ ਕੁੜੀਆਂ ਹੀ ਬਹੁਤਾ ਪੜ੍ਹੀਆਂ। ਕੁੜੀਆਂ ਮਸਾਂ ਦਸਵੀਂ ਤੱਕ ਪੁੱਜੀਆਂ, ਫਿਰ ਮਾੜੇ ਮੋਟੇ ਘਰ ਲੱਭ ਕੇ ਉਨ੍ਹਾਂ ਦੇ ਵਿਆਹ ਕਰ ਦਿੱਤੇ। ਦਰਸ਼ੀ ਜਿੰਨਾਂ ਕੁ ਉਸ ਤੋਂ ਹੁੰਦਾ ਤੇ ਬਹੁਤਾ ਪੁਲੀ ਵਾਲੀ ਜ਼ਾਮਨ ਹੇਠ ਲੰਡਰ ਢਾਣੀ ਨਾਲ ਬੈਠਾ ਤਾਸ਼ ਦੀਆ ਬਾਜ਼ੀਆਂ ਲਾਉਂਦਾ ਰਹਿੰਦਾ। ਘਰ ਦੀ ਮਾੜੀ ਆਰਥਿਕਤਾ ਤੇ ਰੁਜ਼ਗਾਰ ਸਿਰ ਨਾ ਹੋਣ ਕਰ ਕੇ, ਉਸ ਦਾ ਵਿਆਹ ਵੀ ਮਸਾਂ ਹੀ ਹੋ ਸਕਿਆ।"[24]

ਨਕਸਲੀ ਲਹਿਰ **ਦੌਰਾਨ ਕੁੱਝ** ਮੁੰਡੇ ਵੀ ਲਹਿਰ 'ਚ ਸ਼ਾਮਿਲ ਹੋ ਗਏ। ਉਨ੍ਹਾਂ ਦਾ ਰੁਝਾਨ ਲਹਿਰ ਵਿਚ ਵਧਦਾ ਗਿਆ। ਜਿਸ ਕਾਰਨ ਉਨ੍ਹਾਂ ਦੀ ਆਰਥਿਕ ਹਾਲਤ ਵਿਚ ਬਹੁਤ ਨੁਕਸਾਨ ਹੋ ਗਿਆ ਤੇ ਜਿਨ੍ਹਾਂ ਵਿਚੋਂ ਕਾਮਰੇਡ ਇੱਕ ਸੀ। ਉਸ ਦੇ ਮਾਂ-ਬਾਪ ਨੇ ਬਹੁਤ ਮਨ੍ਹਾ ਕੀਤਾ ਪਰ ਉਹ ਨਾ ਹਟਿਆ। ਉਸ ਦੀ ਮਾਂ ਬਹੁਤ ਰੋਈਂ ਕਿ ਪੁੱਤ ਅਸੀਂ ਇਹ ਕੰਮ ਨਹੀਂ ਪੁਗਾ ਸਕਦੇ। ਦੋ ਢਾਈ ਕਿੱਲੇ ਜ਼ਮੀਨ 'ਚ ਕੀ ਹੁੰਦਾ ਜੇ ਉੱਥੇ ਲੱਗਿਆ ਰਿਹਾ ਤਾਂ ਤਰੱਕੀ ਕਰਦਾ ਕੋਈ ਅਫ਼ਸਰ ਬਣ ਜਾਵੇਗਾ ਪਰ ਉਸ ਨੇ ਕਿਸੇ ਦੀ ਨਾ ਸੁਣੀ। ਜਦੋਂ ਉਸ ਦਾ ਬਾਪ ਮਰ ਗਿਆ ਤਾਂ ਖੇਤੀ ਰੁਲਨ ਲੱਗੀ। ਜਿੰਨਾ ਉਸ ਦੀ ਮਾਂ ਤੋਂ ਹੁੰਦਾ ਉਹ ਕਰ ਲੈਂਦੀ। ਆਰਥਿਕ ਪੱਖੋਂ ਉਹ ਬਹੁਤ ਗਰੀਬ ਸਨ।ਨਿਹਾਲ ਕੌਰ ਦੇ ਸਿਰ ਤੇ ਸਾਰੀ ਜ਼ਿੰਮੇਵਾਰੀ ਆ ਗਈ। ਉਸ ਨੇ ਮਾੜੇ ਮੋਟੇ ਘਰ ਲੱਭ ਕੇ ਆਪਣੀਆਂ ਕੁੜੀਆਂ ਦੇ ਵਿਆਹ ਕਰ ਦਿੱਤੇ। ਫਿਰ ਉਸ ਨੇ ਆਪਣੇ ਮੁੰਡੇ ਦਾ ਵਿਆਹ ਵੀ ਕਰ ਦਿੱਤਾ ਪਰ ਉਹ ਲਹਿਰ ਨਾਲ

[24] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 53

ਜੁੜਿਆ ਰਿਹਾ। ਇਸ ਤੋਂ ਇਲਾਵਾ ਇਸ ਵਿਚ 1947 ਦੀ ਆਜ਼ਾਦੀ ਤੋਂ ਪਹਿਲਾ ਆਰਥਿਕ ਹਾਲਤ ਨੂੰ ਪੇਸ਼ ਕੀਤਾ ਹੈ। ਜੱਸੀ ਦੇ ਪਿਤਾ ਕਰਤਾਰ ਨੇ ਦੱਸਿਆ ਕਿ ਅਸੀ ਪੱਟੀ ਦੇ ਨੇੜਿਓਂ ਆਏ ਹਾਂ। ਇੱਥੇ ਉਸ ਨੇ ਨਕਸਲੀ ਲਹਿਰ ਦੇ ਨਾਲ-ਨਾਲ ਆਪਣੀ ਮਾਨਸਿਕ ਹਾਲਤ ਨੂੰ ਪੇਸ਼ ਕੀਤਾ ਹੈ। ਉਹ ਜੀਵਨ ਦੇ ਅਨੁਭਵ ਬਾਰੇ ਦੱਸਦਾ ਇੰਝ ਕਹਿੰਦਾ ਹੈ:-

" ਉਦੋਂ ਕੁੜੀਆਂ ਨੂੰ ਹਿੱਸਾ ਕਿੱਥੇ ਮਿਲਦਾ ਸੀ? ਇਹ ਤਾਂ ਆਹ ਆਜ਼ਾਦੀ ਤੋਂ ਬਾਅਦ ਕਾਂਗਰਸ ਨੇ ਪੰਗਾ ਪਾਇਆ...ਕੱਲੇ ਹੋਣ ਕਰ ਕੇ ਮੈਂ ਔਖ ਵੀ ਬੜੀ ਜਰੀ। ਬਤਾਲੀ 'ਚ ਮੈਂ ਭਰਤੀ ਹੋਇਆ ਤੇ ਚੁਤਾਲੀ 'ਚ ਬਾਪ ਮਰ ਗਿਆ...ਮਾਂ ਨੇ ਕਿਰਸ ਕਰ ਕਰ ਕੇ ਜਿਵੇਂ ਦਾਜ ਬਣਾਇਆ ਸੀ। ਸਾਰੀ ਸਾਰੀ ਰਾਤ ਭੈਣਾਂ ਨੂੰ ਨਾਲ ਲਾ ਕੇ ਚਰਖਾ ਕੱਤਦੀ ਰਹਿੰਦੀ ...ਮੇਰਾ ਵਿਆਹ ਹੋਇਆ ਤਾਂ ਤੇਰੀ ਮਾਂ ਨੇ ਵੀ ਘਰ ਬੰਨ੍ਹੀਂ ਰੱਖਿਆ। ਉਸ ਦਾ ਬਾਪ ਜਦੋਂ ਵੀ ਆਪਣੀ ਮਾਂ ਦਾ ਜ਼ਿਕਰ ਕਰਦਾ ਤਾਂ ਅੱਖਾਂ ਭਰਨੋਂ ਨਾ ਰਹਿ ਸਕਦਾ।"[25]

ਕਿ ਆਜ਼ਾਦੀ ਤੋਂ ਪਹਿਲਾ ਕੁੜੀਆਂ ਨੂੰ ਸਤਿਕਾਰ ਨਹੀਂ ਦਿੱਤਾ ਜਾਂਦਾ ਸੀ ਭਾਵ ਕਿ ਉਦੋਂ ਉਨ੍ਹਾਂ ਨੂੰ ਹੱਕ ਨਹੀਂ ਦਿੱਤੇ ਜਾਂਦੇ ਸੀ। ਉਹ ਮਰਦ ਦੇ ਬਰਾਬਰ ਨਹੀਂ ਚੱਲ ਸਕਦੀਆਂ ਸੀ ਉਸ ਸਮੇਂ ਸਮਾਜ ਮਰਦ ਪ੍ਰਧਾਨ ਸੀ। ਇਹ ਤਾਂ ਸੰਤਾਲੀ ਦੀ ਵੰਡ ਤੋਂ ਬਾਅਦ ਸੁਧਾਰ ਹੋਏ। ਕਰਤਾਰ ਸਿੰਘ ਨੇ ਆਪਣੀ ਹੱਡ ਬੀਤੀ ਸੁਣਾਈ ਕਿ ਮੈ ਇਕੱਲਾ ਸੀ ਤੇ ਸਾਰੇ ਕੰਮ ਇਕੱਲੇ ਨੇ ਕੀਤੇ ਹਨ। ਜਦੋਂ ਬਾਪ ਮਰ ਗਿਆ ਤਾਂ ਮਾਂ ਨੇ ਇਕੱਲੇ ਹੀ ਮੈਨੂੰ ਪਾਲਿਆ। ਉਸਨੇ ਇਕੱਲੀ ਰਾਤਾਂ ਜਾਗ ਜਾਗ ਕੇ ਦਾਜ ਬਣਾਇਆ। ਉਸ ਸਮੇਂ ਸੜਕਾਂ ਵੀ ਕੱਚੀਆਂ ਹੁੰਦੀਆਂ ਸਨ। ਬਰਸਾਤਾਂ 'ਚ ਆ ਕੇ ਇਸ 'ਚ ਕਿੰਨਾ ਚਿੱਕੜ ਹੋ ਜਾਂਦਾ ਸੀ ਕਿ ਖ਼ਾਲੀ ਤੁਰਨਾ ਔਖਾ ਹੋ ਜਾਂਦਾ ਸੀ। ਜਦੋਂ ਨਕਸਲਬਾੜੀ ਲਹਿਰ ਸੁਲਗਣ ਲੱਗੀ ਤਾਂ ਪੁਲਿਸ ਦਾ ਵੀ ਦਬਦਬਾ ਵੱਧ ਗਿਆ।ਜਿਸ ਤਰ੍ਹਾਂ:-

" ਪੁਲਿਸ ਨੇ ਕਈ ਘਰ-ਬਾਰ ਢਾਹ ਦਿੱਤੇ ਸਨ, ਉਹਨਾਂ ਦੇ ਪਿਓ ਭਰਾਵਾਂ, ਇੱਥੋਂ ਤੱਕ ਕਿ ਮਾਵਾਂ ਭੈਣਾਂ ਨੂੰ ਵੀ ਨਹੀਂ

[25] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 84

ਸੀ ਬਖਸ਼ਿਆ ਗਿਆ। ਕਈਆਂ ਦੇ ਰਿਸ਼ਤੇਦਾਰਾਂ ਤੱਕ ਨੂੰ ਜਬਰ ਝੱਲਣਾ ਪਿਆ ਸੀ। ਇਸ ਮਾਮਲੇ 'ਚ ਤਰਸੇਮ ਬਾਵੇ ਦੀ ਉਦਾਹਰਨ ਸਭ ਤੋਂ ਉੱਘੜਵੀਂ ਸੀ, ਜਿਸ ਦੇ ਭਣਵਈਏ ਨੂੰ ਪੁਲਿਸ ਨੇ ਡੁੱਬੋ ਕਿ ਮਾਰ ਦਿੱਤਾ। ਸ਼ਰੀਕੇ ਭਾਈਚਾਰੇ ਤੇ ਸੰਬੰਧਾਂ ਦੇ ਪ੍ਰੈਸ਼ਰ ਕਈ ਵਾਰ ਕੰਮ ਦੇ ਵੀ ਹੁੰਦੇ ਹਨ ਪਰ ਬਹੁਤੀ ਵਾਰ ਨਾਂਹ ਪੱਖੀ ਹੀ ਭੁਗਤਦੇ ਹਨ ਕਿ ਬੰਦਾ ਚਾਹ ਕੇ ਵੀ ਆਪਣੇ ਤੌਰ 'ਤੇ ਆਜ਼ਾਦੀ ਨਾਲ ਵਿਅਕਤੀਗਤ ਫੈਸਲਾ ਨਹੀਂ ਲੈ ਸਕਦਾ"।[26]

ਜਿਹੜੇ ਨਕਸਲਵਾਦ ਵਿਚ ਸ਼ਾਮਿਲ ਸੀ ਉਨ੍ਹਾਂ ਦੇ ਘਰ ਬਰਬਾਦ ਕਰ ਦਿੱਤੇ ਗਏ।ਤੇ ਉਨ੍ਹਾਂ ਦੇ ਪਰਿਵਾਰਾਂ ਵਿਚ ਕਿਸੇ ਨੂੰ ਨਾ ਬਖ਼ਸ਼ਿਆ ਗਿਆ। ਉਨ੍ਹਾਂ 'ਤੇ ਬਹੁਤ ਅੱਤਿਆਚਾਰ ਕੀਤੇ ਗਏ। ਕਾਮਰੇਡ ਬਚਨ ਜੇਲ੍ਹ 'ਚ ਹੋਣ ਕਰ ਕੇ, ਉਸ ਦੇ ਆਪਣੇ ਇਲਾਕੇ 'ਚ ਵੀ ਜਥੇਬੰਧਕ ਤਾਣਾ ਬਾਣਾ ਉੱਖੜ ਚੁੱਕਾ ਸੀ। ਜਿਸ ਕਿਸੇ ਦਾ ਨਾ ਪਤਾ ਲੱਗਦਾ ਤਾਂ ਪੁਲਿਸ ਕਿਸੇ ਦੇ ਵੀ ਰਿਸ਼ਤੇਦਾਰਾਂ ਨੂੰ ਨਾ ਬਖ਼ਸ਼ਦੀ। ਜਿਸ 'ਚ ਸੈਂਕੜੇ ਨਹੀਂ, ਹਜ਼ਾਰਾਂ ਨਿੱਜੀ ਪਛਾਣਾਂ ਗੁਆਚ ਜਾਂਦੀਆਂ। ਪੁਲਿਸ ਦਾ ਜ਼ਿਆਦਾ ਰੋਹਬ ਹੋਣ ਕਾਰਨ ਕੋਈ ਵੀ ਪੁਲਿਸ ਤੋਂ ਨਾ ਡਰਦਾ। ਸਗੋਂ ਵੱਧ ਚੜ੍ਹ ਕੇ ਹਿੱਸਾ ਲੈਂਦੇ ਤੇ ਆਪਣੇ ਪਰਿਵਾਰਾਂ ਦੀ ਵੀ ਪਰਵਾਹ ਨਾ ਕਰਦੇ ਪਰ ਲਹਿਰ ਦੀ ਬਦਨਾਮੀ ਕਿੰਨੀ ਹੋ ਰਹੀ ਸੀ ਜੱਸੀ ਤੋਂ ਉਸ ਦਾ ਤਰਕ ਵੀ ਕੱਟਿਆ ਨਾ ਗਿਆ ਜਦੋਂ ਉਸ ਨੂੰ ਕੋਈ ਕਾਮਰੇਡ ਕਹਿ ਕੇ ਸੰਬੋਧਨ ਕਰਦਾ ਤਾਂ ਉਸ ਨੂੰ ਇੰਜ ਲੱਗਦਾ, ਜਿਵੇਂ ਉਸ ਨੂੰ ਕਿਸੇ ਨੇ ਮਾਂ ਦੀ ਗਾਲ੍ਹ ਕੱਢੀ ਹੋਵੇ। ਉਸ ਦੇ ਧੁਰ ਅੰਦਰ ਤੱਕ ਪੀੜ ਦੀ ਲਹਿਰ ਫਿਰ ਜਾਂਦੀ ਉਸ ਨੂੰ ਫਿਰ ਕਾਮਰੇਡ ਸਰਦਾਰਾ ਚੰਗਾ ਲੱਗਣ ਲੱਗ ਪੈਂਦਾ। ਕਦੀ ਕਦੀ ਤਾਂ ਉਸ ਨੂੰ ਮਨਜੀਤ 'ਤੇ ਵੀ ਖਿਝ ਚੜ੍ਹਨ ਲੱਗ ਪੈਂਦੀ। ਉੱਧਰ ਜੱਸੀ ਨੂੰ ਲਾਇਬਰੇਰੀ ਦਾ ਕੰਮ ਸੌਂਪਿਆ ਹੋਇਆ ਸੀ। ਜਿਹੜੀ ਉਨ੍ਹਾਂ ਨੇ ਸ਼ਹੀਦਾਂ ਦੀ ਯਾਦਗਾਰ ਦੇ ਨੇੜੇ ਹਾਜੀਪੁਰ ਬਣਾਈ ਹੋਈ ਸੀ ਪਰ ਉਹ ਘਰ ਦੇ ਰੁਝੇਵਿਆਂ 'ਚ ਹੀ ਫਸਿਆ ਰਹਿੰਦਾ ਸੀ ਲਾਇਬਰੇਰੀ ਪੂਰੀ ਤਿਆਰ ਨਹੀਂ ਕੀਤੀ ਹੋਈ ਸੀ ਉਸ ਦੀਆ ਕੰਧਾਂ ਇਸ ਤਰ੍ਹਾਂ ਸਨ ਜਿਵੇਂ ਕਿਸੇ ਵਿਧਵਾ ਦੀ ਮਾਂਗ ਸੱਖਣੀ ਹੋਵੇ ਕਿਉਂਕਿ ਕਮਰਾ ਛੱਤਦਿਆਂ ਹੀ ਪੈਸੇ ਮੁੱਕ ਗਏ ਸਨ ਕਾਮਰੇਡ ਨੇ ਜੱਸੀ ਨੂੰ ਲਾਇਬਰੇਰੀ ਬਾਰੇ ਕਹਿੰਦਾ ਹੈ। ਉਸ ਸਮੇਂ ਉਸ ਨੂੰ ਆਪਣੇ ਪੰਜਾਬ ਦੀ ਹਾਲਤ ਯਾਦ ਆ ਗਈ ਜਦੋਂ ਸਰਕਾਰਾਂ

[26] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 88

ਬਣੀਆਂ ਤਾਂ ਕੀ ਹਾਲ ਹੋਏ ਸਨ। ਜਿਵੇਂ:-

" ਜਦੋਂ ਖ਼ਾਲਿਸਤਾਨ ਬਣ ਗਿਆ, ਉਹ ਸਰਕਾਰ ਬਣਾਉਣਗੇ, ਜਿਵੇਂ ਅੰਗਰੇਜ਼ਾਂ ਤੋਂ ਬਾਅਦ ਕਾਂਗਰਸ ਦੀਆਂ ਮੌਜਾਂ ਲੱਗੀਆਂ। ਕੁੱਝ ਸਰਦੀ-ਪੁੱਜਦੀ ਵਾਲਿਆਂ ਦਾ ਮਾਡਲ ਸਕੂਲਾਂ ਵੱਲ ਵਧਿਆ ਵਰਤਾਰਾ, ਜਿੱਥੇ ਬੱਚੇ ਨੂੰ ਰੱਟਾ ਲੁਆਉਣ ਤੇ ਹੋਮ-ਵਰਕ ਦੇ ਭਾਰ ਹੇਠਾਂ ਏਨਾ ਦੱਬ ਦਿੱਤਾ ਜਾਂਦਾ ਕਿ ਉਸ ਦੀ ਸਿਰਜਣਾਤਮਿਕਤਾ ਜਾਂ ਕੁੱਝ ਹੋਰ ਮਨ-ਇੱਛਤ ਪੜ੍ਹਨ-ਪੜ੍ਹਾਉਣ ਦੀ ਆਦਤ ਪੈਣ ਜੋਗਾ ਸਮਾਂ ਹੀ ਨਾ ਬਚਦਾ।"[27]

ਜਦੋਂ ਅੰਗਰੇਜ਼ਾਂ ਦੇ ਆਉਣ ਤੋਂ ਬਾਦ ਸਰਕਾਰਾਂ ਬਣੀਆਂ ਤਾਂ ਉਨ੍ਹਾਂ ਦੀਆਂ ਮੌਜਾਂ ਲੱਗੀਆਂ ਹੋਈਆ ਸਨ। ਉਸ ਸਮੇਂ ਬੱਚਿਆ ਨੂੰ ਪੜ੍ਹਾਈ ਨਾਲ ਨਹੀਂ ਜੋੜਿਆ ਜਾਂਦਾ ਸੀ ਸਗੋਂ ਉਹ ਉਦੋਂ ਵੱਧ ਤੋਂ ਵੱਧ ਧਨ ਕਮਾਉਣ ਤੇ ਲੱਗੇ ਹੋਏ ਸਨ। ਸਿਰਫ਼ ਬੱਚਿਆ ਨੂੰ ਇੰਨਾ ਰੱਟਾ ਲਗਾਂ ਦਿੱਤਾ ਜਾਂਦਾ ਸੀ ਕਿ ਉਹ ਆਪਣੀ ਮਰਜ਼ੀ ਨਾਲ ਪੜ੍ਹ ਨਹੀਂ ਸਕਦੇ ਸੀ ਸਰਕਾਰਾਂ ਨੇ ਲੋਕਾਂ ਉੱਤੇ ਕਬਜ਼ਾ ਕੀਤਾ ਹੋਇਆ ਸੀ। ਅਧਿਆਪਕ ਵੀ ਕਿਸੇ ਜਲਸੇ ਮੁਜ਼ਾਹਰੇ 'ਚ ਚਲੇ ਜਾਂਦੇ ਸੀ ਤੇ ਬਾਕੀ ਦਿਨ ਕੰਮਾਂ ਦਾ ਕੋਈ ਨਾ ਕੋਈ ਬਹਾਨਾ ਲਗਾ ਕੇ ਟਾਲ਼ਾ ਵਟਦੇ ਰਹਿੰਦੇ ਸੀ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਸੀ ਇਨ੍ਹਾਂ ਰੁਝੇਵਿਆਂ ਕਾਰਨ ਸ਼ਹੀਦੀ ਯਾਦਗਾਰ ਵੀ ਰੁਲ ਰਹੀ ਸੀ ਇਸ ਤੋਂ ਇਲਾਵਾ ਕਾਮਰੇਡ ਤੇ ਜੱਸੀ ਦੀ ਵਾਰਤਾਲਾਪ ਚੱਲ ਰਹੀ ਸੀ ਕਿ ਕਾਮਰੇਡ ਨੇ ਕਿਹਾ ਕਿ ਤੁਹਾਡਾ ਮੁੰਡਾ ਬਾਹਰ ਕੱਢ ਦੇਣਾ ਸੀ ਉਦੋਂ ਫਰਿਮੈਲਟੀਆਂ ਨਹੀਂ ਸੀ ਹੁੰਦੀਆਂ...ਪਰ ਜੱਸੀ ਅੱਗੋਂ ਕਹਿੰਦਾ ਕਿ ਜੇ ਮੈ ਆਪਣਾ ਮੁੰਡਾ ਬਾਹਰ ਕੱਢ ਦਿੰਦਾ ਤਾਂ ਇਨਕਲਾਬ ਕਿਸ ਲਈ ਕਰਨਾ ਸੀ। ਜਿਵੇਂ:-

" ਤੈਨੂੰ ਇੱਕ ਗੱਲ ਦੱਸਾਂ! ਉਦੋਂ ਅਸੀਂ ਛੋਟੇ-ਛੋਟੇ ਹੁੰਦੇ ਸੀ, ਪੰਜਵੀਂ 'ਚ ਪੜ੍ਹਦੇ ਹੋਵਾਂਗੇ...ਕਾਜ਼ੀਪੁਰ ਦੇ ਮੇਲੇ 'ਚ ਅਸੀਂ ਸਾਰੇ ਜੁੱਟ ਨੇ ਰਲ ਕੇ ਜਾਣਾ...ਭਵਨਾਲੀ ਤੋਂ ਅੱਗੇ ਰੇਤਲੀ ਜ਼ਮੀਨ ਐ, ਭਰ ਗਰਮੀਆਂ ਦੇ ਦਿਨਾਂ 'ਚ ਰੇਤ ਅੰਗਿਆਰਾਂ ਵਾਂਗ ਤਪਦੀ ਤਾਂ ਨੰਗੇ ਪੈਰ ਲੂਸ ਲੂਸ ਜਾਂਦੇ....ਜਦੋਂ ਰੇਤ ਨਾਲ ਪੈਰ ਮੱਚਣ ਲੱਗਦੇ ਤਾਂ ਉਹ

[27] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 95

ਪੱਤੇ ਪੈਰਾਂ ਹੇਠ ਰੱਖ ਕੇ ਉਸ ਦੇ ਪੱਤਿਆਂ ਤੇ ਖੱਲੋਂ ਜਾਣਾ ਪੈਰਾਂ ਦਾ ਤਾਅ ਕੁੱਝ ਮੱਠਾ ਹੋਣਾ ਤਾਂ ਮੁੜ ਪੈਣਾ...ਇਨਕਲਾਬ ਦਾ ਸਫ਼ਰ ਤਾਂ ਇਹ ਮੱਚਦੀ ਹੋਈ ਰੇਤ ਦੀ ਪੈੜ ਵਰਗਾ ਹੈ...।"[28]

ਉਹ ਕਹਿੰਦਾ ਹੈ ਕਿ ਨਕਸਲੀ ਲਹਿਰ ਕਾਰਨ ਜਦੋਂ ਇਨਕਲਾਬ ਆਇਆ ਸੀ ਤਾਂ ਇਨਕਲਾਬ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਜਦੋਂ ਅੱਸੀ ਸਾਰੇ ਰਲ ਕੇ ਮੇਲੇ 'ਤੇ ਗਏ ਸੀ ਉਸ ਸਮੇਂ ਕਿੰਨਾ ਅਨੰਦ ਆਇਆ ਸੀ। ਇਨਕਲਾਬ ਕਾਰਨ ਅਸੀਂ ਸਭ ਨੇ ਇਕੱਠੇ ਸਮਾਂ ਬਤੀਤ ਕੀਤਾ। ਉਹ ਦਿਨ ਪਤਾ ਨਹੀਂ ਲੱਗਦੇ ਹੁੰਦੇ ਸੀ। ਬੰਦਿਆਂ ਤੇ ਲਹਿਰਾਂ ਦੀ, ਸਮੇਂ ਦੀ ਸਾਧਾਰਨ ਤੋਰ 'ਚ ਨਹੀਂ, ਸਗੋਂ ਮੁਸੀਬਤ ਵੇਲੇ ਪਰਖ ਹੁੰਦੀ ਹੈ। ਉਸ ਸਮੇਂ ਏਨੀ ਗਰੀਬੀ ਸੀ ਕਿ ਪੈਰਾਂ ਵਿਚ ਜੁੱਤੀ ਵੀ ਨਸੀਬ ਨਹੀ ਹੁੰਦੀ ਸੀ ਤੇ ਗਰਮ ਰੇਤ ਕਾਰਨ ਪੈਰ ਸੜ ਜਾਂਦੇ ਸਨ। ਇਨਕਲਾਬ ਦਾ ਵੀ ਉਹੀ ਹਾਲ ਸੀ ਇਹ ਵੀ ਅੱਗ ਮਚਣ ਦੇ ਬਰਾਬਰ ਸੀ ਜੋ ਇਕਦਮ ਸੁਰੂ ਹੋ ਜਾਦਾ ਸੀ।

ਨਾਵਲ 'ਸਿਮਟਦਾ ਆਕਾਸ਼' ਵਿਚ ਨਾਵਲਕਾਰ ਨੇ ਨਕਸਲੀ ਲਹਿਰ ਦੇ ਨਾਲ-ਨਾਲ ਕਿਸਾਨੀ ਸੰਕਟ, ਮਨੁੱਖੀ ਰਿਸ਼ਤਿਆਂ ਦੀ ਰੁਕਾਵਟ ਤੇ ਸਮਾਜ ਉੱਪਰ ਹੋ ਰਹੇ ਅੱਤਿਆਚਾਰ ਨੂੰ ਗਹਿਰਾਈ ਨਾਲ ਪੇਸ਼ ਕੀਤਾ ਹੈ। ਨਕਸਲੀ ਲਹਿਰ ਕਾਰਨ ਲੋਕਾਂ ਨੂੰ ਬੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਹੈ। ਜਿਸ ਤਰ੍ਹਾਂ ਨਾਵਲ ਵਿਚ ਮਹਿੰਦਰ ਮਲਵਈ ਕਹਿੰਦਾ ਹੈ:-

"ਲੋਕੋ ਡਰੋਂ ਨਾ, ਅਸੀਂ ਤੁਹਾਡੇ ਹਮਦਰਦ ਹਾਂ...ਸਿਰਫ ਜਗੀਰਦਾਰਾਂ, ਸ਼ਾਹੂਕਾਰਾਂ, ਸੂਦਖੋਰਾਂ ਦੇ ਦੁਸ਼ਮਣ ਹਾਂ ਕਿ ਇਹ ਲੋਕਾਂ ਦਾ ਲਹੂ ਪੀ-ਪੀ ਕੇ ਅਮੀਰ ਹੋਏ ਹਨ... ਅਸੀਂ ਸੂਦਖੋਰਾਂ ਦੀਆਂ ਬਹੀਆਂ ਸਾੜ ਦਿਆਂਗੇ, ਜਿਹੜੀ ਜ਼ਮੀਨ ਕੋਈ ਵਾਹੁੰਦਾ ਹੈ ਉਹ ਉਸੇ ਦੀ ਹੋਵੇਗੀ...ਤੇ ਜਿਹੜਾ ਵੀ ਲਹਿਰ ਦੇ ਰਾਹ 'ਚ ਅੜਿੱਕਾ ਬਣਿਆ, ਉਸ ਦਾ ਸਫ਼ਾਇਆ ਕਰ ਦਿੱਤਾ ਜਾਵੇਗਾ...ਸਾਡੇ ਰਾਜ 'ਚ ਨਾ ਕੋਈ ਗਰੀਬ ਹੋਵੇਗਾ ਤੇ ਨਾ ਅਮੀਰ, ਨਾ ਕੋਈ ਬੇਰੁਜ਼ਗਾਰ ਰਹੇਗਾ। ਸਭ ਪੜ੍ਹਿਆਂ-ਲਿਖਿਆਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ। ਵੱਡੇ-ਵੱਡੇ ਸਾਂਝੇ ਫਾਰਮ ਬਣਾਏ

[28] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 114

ਜਾਣਗੇ, ਜਿਨ੍ਹਾਂ 'ਚ ਕੰਮੀਆਂ ਦਾ ਵੀ ਬਰਾਬਰ ਦਾ ਹਿੱਸਾ ਹੋਵੇਗਾ। ਅਸੀਂ ਸਭ ਕਿਸਾਨਾਂ, ਮਜ਼ਦੂਰਾਂ, ਕੰਮੀ ਕਮੀਣਾਂ ਨੂੰ ਹਥਿਆਰ ਚੁੱਕ ਕੇ ਇਸ ਛਿੜ ਚੁੱਕੇ ਲੋਕ-ਯੁੱਧ 'ਚ ਸ਼ਾਮਲ ਹੋਣ ਦਾ ਸੱਦਾ ਦਿੰਦੇ ਹਾਂ...ਲੋਕੋ! ਜਿੰਨੀ ਛੇਤੀ ਤੁਸੀਂ ਹਥਿਆਰ ਚੁੱਕ ਕੇ ਤੁਰ ਪਾਵੋਗੇ, ਤੁਹਾਡੇ ਦੁੱਖਾਂ ਕਲੇਸ਼ਾਂ ਦਾ ਖ਼ਾਤਮਾ ਓਨੀ ਛੇਤੀ ਹੀ ਹੋਵੇਗਾ! ਸੋ ਉੱਠੋ! ਆਪਣੇ ਆਸੇ ਪਾਸੇ, ਆਪਣੇ ਇਲਾਕੇ 'ਚ ਜਮਾਤੀ ਦੁਸ਼ਮਣਾਂ ਨੂੰ ਪਛਾਣੋ ਤੇ ਉਨ੍ਹਾਂ ਦੀ 'ਸਫ਼ਾਇਆ ਮੁਹਿੰਮ 'ਚ ਜੁੱਟ ਜਾਓ...ਇਨਕਲਾਬ ਜ਼ਿੰਦਾਬਾਦ...ਨਕਸਲਬਾੜੀ ਜ਼ਿੰਦਾਬਾਦ...।"[29]

ਇਸ ਲਹਿਰ ਦੇ ਆਗੂਆਂ ਨੇ ਸਮਾਜਕ ਤਾਣੇ-ਬਾਣੇ ਤੇ ਸਮਾਜਕ ਲੜੀਆਂ ਵਿੱਚ ਪਰੋਏ ਰਿਸ਼ਤਿਆ ਨੂੰ ਬੜੀ ਖੂਬਸੂਰਤੀ ਨਾਲ ਉਲੀਕਿਆ ਹੈ। ਇਸ ਜਦੋਂ ਜਹਿਦ ਵਿਚ ਜੋਂ ਸੰਘਰਸ਼ ਦੇ ਰਾਹ ਵਿਚੋਂ ਲੰਘਦੀ ਸੀ ਨੇ ਸਮਾਜਿਕ ਰਿਸ਼ਤਿਆ ਨੂੰ ਉਧੇੜ ਕੇ ਰੱਖ ਦਿੱਤਾ ਕਿਸਾਨਾਂ ਦੇ ਪਰਿਵਾਰਾਂ ਵਿਚ ਆਉਂਦੀਆਂ ਤੇ ਨੌਜੁਆਨਾਂ ਦਾ ਅੱਗੇ ਆਉਣਾ ਤੇ ਖੇਰੂ-ਖੇਰੂ ਹੋਣਾ ਅਜਿਹੀਆ ਹੀ ਉਦਾਹਰਣਾਂ ਹਨ। ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ ਕਿ ਆਪਣੇ ਹੱਕ ਲਈ ਲੜੋਂ। ਹੁਣ ਤੁਹਾਨੂੰ ਜਾਗਣਾ ਪੈਣਾ ਆਪਣੇ ਹੱਕਾਂ ਲਈ ਲੜਨਾ ਪਏਗਾ। ਇਲਾਕੇ ਵਿਚ ਨਕਸਲੀ ਸਰਗਰਮੀਆਂ ਦਾ ਜਿਵੇਂ ਭੜਕਾ ਪੈ ਗਿਆ, ਨਕਸਲਬਾੜੀ ਵਿਚ ਹਿੱਸਾ ਲੈ ਰਹੇ ਲੋਕੋ ਤੁਹਾਨੂੰ ਆਪਣੇ ਲਈ ਬੋਲਣਾ ਪਏਗਾ ਤੇ ਯੁੱਧ ਲਈ ਤਿਆਰ ਬਰ ਤਿਆਰ ਰਹਿਣਾ ਪਏਗਾ। ਉਨ੍ਹਾਂ ਨੇ ਕਿਸਾਨਾਂ ਨੂੰ ਨਕਸਲੀ ਲਹਿਰ ਵਿਚ ਆਉਣ ਲਈ ਸੱਦਾ ਦਿੱਤਾ। ਇਲਾਕੇ 'ਚ ਨਕਸਲੀਆਂ ਦਾ, ਤੇ ਉਨ੍ਹਾਂ ਦੀ 'ਸਫ਼ਾਇਆ ਮੁਹਿੰਮ' ਦਾ ਆਗਾਜ਼ ਅਚਾਨਕ ਹੀ ਬਿਜਲੀ ਦੀ ਲਿਸ਼ਕੋਰ ਵਾਂਗ ਲਿਸ਼ਕ ਉੱਠਿਆ, ਤੇ ਇਸ ਲਿਸ਼ਕੋਰ ਨੇ ਉਨ੍ਹਾਂ ਪਿੰਡਾਂ 'ਚ ਮੁਜ਼ਾਰਿਆਂ ਦੇ ਨਾਲ-ਨਾਲ ਬਹੁਤ ਸਾਰੇ ਨੌਜੁਆਨਾਂ ਨੂੰ ਵੀ ਆਪਣੇ ਵੱਲ ਖਿੱਚਿਆ। ਜਦੋਂ ਉਹ ਆਪਣੀਆਂ ਜ਼ਮੀਨਾਂ ਛਡਵਾਉਣ ਦੀਆਂ ਗੱਲਾਂ ਕਰਨ ਲੱਗੇ।ਇਹ ਹੀ ਦੌਰ ਸੀ, ਜਦੋਂ ਨਕਸਲਬਾੜੀ ਲਹਿਰ ਵੀ ਸੁਲਗਣ ਲੱਗੀ।ਸੀ.ਪੀ.ਐਮ ਤੋਂ ਵੱਖ ਹੋਏ ਕੁੱਝ ਤੱਤੇ ਕਾਮਰੇਡਾਂ ਨੇ ਇਸ ਖ਼ਿੱਤੇ 'ਚ ਮੁਜ਼ਾਰਿਆਂ ਨੂੰ ਨਾਹਰਾ ਦਿੱਤਾ:

[29] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 12

'ਜ਼ਮੀਨ ਹਲਵਾਹਕ ਦੀ'।

ਨਕਸਲੀ ਲਹਿਰ ਕਾਰਨ ਲੋਕਾਂ 'ਚ ਬਹੁਤ ਰੋਹ ਭਰ ਆਇਆ।ਉਹ ਵੱਧ ਤੋਂ ਵੱਧ ਲਹਿਰਾਂ ਵਿਚ ਭਾਗ ਲੈਣ ਲੱਗੇ। ਨੌਜੁਆਨ ਖ਼ੂਨ ਜ਼ਿਆਦਾ ਖੋਲ੍ਹਦਾ ਸੀ। ਉਹ ਆਪਣੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਮਰਨ ਮਰਾਉਣ ਤੱਕ ਆ ਜਾਂਦੇ ਸੀ। ਨਾਵਲ ਵਿਚ ਮਨਜੀਤ ਦੀ ਨਕਸਲੀ ਸਰਗਰਮੀਆਂ ਵਿਚ ਹਿੱਸਾ ਵਿਚ ਅਠੱਤਰ 'ਚ ਉਹ ਹੁਸ਼ਿਆਰਪੁਰ ਬੀ.ਐੱਡ.ਕਰ ਰਹੀ ਸੀ ਜਦੋਂ ਕਾਲਜ ਮੈਨੇਜਮੈਂਟ ਵੱਲੋਂ ਬਿਲਡਿੰਗ ਫ਼ੰਡ, ਵਾਧੂ ਪੀਰਡਾਂ ਤੇ ਬਿਜਲੀ ਦੇ ਖ਼ਰਚੇ ਦੇ ਨਾਂ 'ਤੇ ਫ਼ੀਸ ਇਕਦਮ ਦੁੱਗਣੀ ਕਰ ਦਿੱਤੀ ਗਈ। ਵਿਦਿਆਰਥੀਆਂ ਨੇ ਇਸ ਵਧੀ ਫ਼ੀਸ ਦੇ ਖ਼ਿਲਾਫ਼ ਹੜਤਾਲ ਦਾ ਸੱਦਾ ਦੇ ਦਿੱਤਾ। ਉਨ੍ਹਾਂ ਨੇ ਪਹਿਲਾ ਕਾਲਜ ਗੇਟ ਮੂਹਰੇ ਰੈਲੀ ਕੀਤੀ।

"ਤੁਹਾਨੂੰ ਕਿਹਾ ਨਾ,ਨਹੀਂ ਜਾ ਸਕਦੇ ਇੱਧਰ" ਡੀ.ਐਸ.ਪੀ ਵੱਟ ਖਾ ਗਿਆ। ਆਪਣੇ ਅਫ਼ਸਰ ਨੂੰ ਸਖ਼ਤ ਹੁੰਦਿਆਂ ਦੇਖ ਸਿਪਾਹੀ ਵੀ ਸਾਵਧਾਨ ਹੋਣ ਲੱਗੇ।

" ਅਸੀਂ ਜਾਵਾਂਗੇ ਹੀ ਜਾਵਾਂਗੇ...ਸ਼ਾਂਤਮਈ ਮੁਜ਼ਾਹਰਾ ਕਰ ਰਹੇ ਹਾਂ। ਭੁਪਿੰਦਰ ਨੇ ਅਗਾਂਹ ਪੈਰ ਪੁੱਟਿਆ ਤਾਂ ਉਸ ਕੋਲ ਖੜ੍ਹੇ ਥਾਣੇਦਾਰ ਨੇ ਉਸ ਨੂੰ ਪਿਛਾਂਹ ਧੱਕਾ ਮਾਰਿਆ। ਇਸ ਨਾਲ ਖਲਬਲੀ ਮੱਚ ਗਈ। ਧੱਕੇ ਮੁੱਕੀ ਜਦੋਂ ਪੁਲਿਸ ਵਾਲਿਆਂ ਦੀਆਂ ਲਾਈਨਾਂ ਟੁੱਟਣ ਲੱਗੀਆਂ ਤਾਂ ਲਾਠੀਚਾਰਜ ਦਾ ਹੁਕਮ ਦੇ ਦਿੱਤਾ ਗਿਆ। ਹਵਾਈ ਫਾਇਰਿੰਗ ਵੀ ਕੀਤੀ। ਮੁਜ਼ਾਹਰਾ ਖਿੰਡ ਗਿਆ। ਜੇ ਉੱਥੇ ਬਚ ਗਏ ਸਨ ਤਾਂ ਭੁਪਿੰਦਰ ਨਾਲ ਪੰਜਾਹ ਕੁ ਮੁੰਡੇ ਕੁੜੀਆਂ, ਜਿਨ੍ਹਾਂ 'ਚੋਂ ਕਈਆਂ ਦੇ ਗੰਭੀਰ ਸੱਟਾਂ ਲੱਗੀਆਂ ਸਨ।ਉਨ੍ਹਾਂ ਨੂੰ ਪੁਲਿਸ ਨੇ ਹਿਰਾਸਤ 'ਚ ਲੈ ਲਿਆ।"[30]

ਅਜਿਹੇ ਸੰਘਰਸ਼ ਵਿਚ ਸ਼ਾਮਲ ਹੋਣ ਨਾਲ ਕੁੜੀਆਂ ਦੇ ਸਮਾਜਕ ਬਿੰਬ ਨੂੰ ਸੱਟ ਵੱਜੀ ਤੇ ਉਨ੍ਹਾਂ ਉੱਪਰ ਪ੍ਰਸ਼ਨ ਚਿੰਨ੍ਹ ਲੱਗਣੇ ਸ਼ੁਰੂ ਹੋ ਗਏ। ਜਿਵੇਂ ਸੰਘਰਸ਼ ਦੀ ਇਕ ਦਾਸਤਾਨ ਦੀ ਉਦਾਹਰਣ ਹੇਠਾਂ ਦਿੱਤੀ ਹੈ:-

[30] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 21

ਪੁਲਿਸ ਦਾ ਰੋਹਬ ਲੋਕਾਂ ਤੇ ਵਧਦਾ ਗਿਆ। ਵਿਦਿਆਰਥੀਆਂ ਨੇ ਆਪਣੀਆਂ ਵਧੀਆਂ ਫ਼ੀਸਾਂ ਨੂੰ ਘਟਾਉਣ ਲਈ ਬਹੁਤ ਤਸੀਹੇ ਕੱਟੇ।ਜਦੋਂ ਰੈਲੀ ਕੱਢੀ ਗਈ ਤਾਂ ਰੈਲੀ ਬਹੁਤ ਜਬਰਦਸਤ ਸੀ। ਉਸ ਵਿਚ ਕਿਹਾ ਗਿਆ ਕਿ ਹਿਰਾਸਤ ;ਚ ਲਏ ਵਿਦਿਆਰਥੀ ਤੁਰੰਤ ਰਿਹਾ ਕੀਤੇ ਜਾਣ। ਮਨਜੀਤ ਨੇ ਵਿਦਿਆਰਥੀਆਂ ਤੇ ਹੋਏ ਜ਼ਬਰ ਦਾ ਬਦਲਾ ਲੈਣ ਲਈ ਇੱਕ ਰਾਜਨੀਤਕ ਗੀਤ ਗਾਇਆ ਜੋ ਇਸ ਤਰ੍ਹਾਂ ਹੈ:-

"ਸਾਰਾ ਦਿਨ ਬਾਪੂ ਮੇਰਾ

ਕਰਦਾ ਏ ਵਾਢੀਆਂ

ਸਾਰਾ ਦਿਨ ਰਹਿੰਦੀ ਮੈਂ ਸਿਲਾ ਚੁਗਦੀ

ਸਾਨੂੰ ਭੁੱਖਿਆ ਨੂੰ ਹੋਰ ਨਾ ਵਗਾਰ ਪੁੱਗਦੀ...।"

ਉਪਰੋਕਤ ਸਤਰਾਂ ਮਾਨਵੀ ਸੰਵੇਦਨਾਵਾਂ ਦੀ ਤਸਵੀਰ ਬਿਆਨ ਕਰਦੀਆਂ ਹਨ ਤੇ ਬਾਪ ਤੇ ਧੀ ਦੇ ਸੰਵੇਦਨਾਂ ਭਰਪੂਰ ਰਿਸ਼ਤੇ ਦੀ ਗਵਾਹੀ ਵੀ ਭਰਦੀਆਂ ਹਨ। ਇਸ ਵਿਚ ਆਪਣੇ ਪਿਤਾ ਬਾਰੇ ਕਹਿ ਰਹੀ ਹੈ ਕਿ ਉਹ ਸਾਨੂੰ ਪੜੌਣ ਲਈ ਸਾਰਾ ਦਿਨ ਵਾਢੀਆਂ ਕਰਦੇ ਰਹਿੰਦੇ ਹਨ ਉਹ ਸਾਡੀ ਵਧੀ ਹੋਈ ਫ਼ੀਸ ਨਹੀਂ ਦੇ ਸਕਦੇ। ਜਸਪਾਲ ਨੇ ਕਿਹਾ ਕਿ ਸਾਰੇ ਵਿਦਿਆਰਥੀ ਸ਼ਾਂਤ ਰਹਿਣ ਤੇ ਅਨੁਸ਼ਾਸਨ ਬਣਾਈ ਰੱਖਣ ਜਸਪਾਲ ਦੀ ਇਸ ਲਲਕਾਰ ਦੇ ਨਾਲ ਹੀ ਵਿਦਿਆਰਥੀ ਸ਼ਾਂਤ ਹੋ ਗਏ ਤੇ ਫੜੇ ਹੋਏ ਵਿਦਿਆਰਥੀਆਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਪੁਲਿਸ ਨਕਸਲੀਆਂ ਦੇ ਤੰਤਰ ਨੂੰ ਤੋੜਨ ਲਈ ਬਹੁਤ ਸਰਗਰਮ ਸੀ। ਖ਼ਾਸ ਕਰ ਕੇ ਹਰਜਾਪ ਸਿੰਘ ਦੇ ਕਤਲ ਤੋਂ ਬਾਅਦ ਪੁਲਿਸ ਬੁਖਲਾ ਗਈ ਸੀ। ਇਸ ਕਤਲ ਤੋਂ ਬਾਅਦ ਇਲਾਕੇ 'ਚ ਕਿੰਨੇ ਚੌਧਰੀਆਂ, ਸਰਦਾਰਾਂ, ਸ਼ਾਹੂਕਾਰਾਂ ਨੇ ਘਰਾਂ 'ਚੋਂ ਨਿਕਲਣਾ ਬੰਦ ਕਰ ਦਿੱਤਾ ਸੀ। ਕਈ ਪਿੰਡਾਂ 'ਚ ਚੌਕੀਆਂ ਲਗ ਗਈਆਂ ਸੀ। ਨਕਸਲੀ ਲਹਿਰ ਕਾਰਨ ਪੁਲਿਸ ਦੀ ਬਹੁਤ ਦਹਿਸ਼ਤ ਸੀ।

ਬਲਬੀਰ ਪਰਵਾਨਾ ਦਾ ਨਾਵਲ 'ਸਿਮਟਦਾ ਅਕਾਸ਼' ਦਾ ਮੁੱਖ ਪਾਤਰ ਮਨਜੀਤ ਤੇ ਜਸਪਾਲ ਦਾ ਹੈ। ਉਹ ਵੀ ਜੱਸੀ ਨਾਲ ਲਹਿਰ 'ਚ ਸ਼ਾਮਿਲ ਹੁੰਦੀ ਸੀ। ਮਨਜੀਤ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾਇਆ ਸੀ। ਉਹ ਇਕੱਠੇ ਸਕੂਲ ਵਿਚ ਪੜਾਉਂਦੇ ਸਨ। ਮਨਜੀਤ ਨੇ ਹਮੇਸ਼ਾ ਜਸਪਾਲ ਦਾ ਸਾਥ ਦਿੱਤਾ। ਉਹ ਉਸ ਨਾਲ ਨਕਸਲੀ ਲਹਿਰ ਵਿਚ ਵੀ ਹਿੱਸਾ ਲੈਂਦੀ ਸੀ। ਜਸਪਾਲ ਅਕਸਰ ਆਪਣੇ ਦੋਸਤਾਂ ਨਾਲ ਮਨਜੀਤ ਦੀ ਸਿਫ਼ਤ ਕਰਦਾ ਹੁੰਦਾ ਸੀ :

"ਮਨਜੀਤ ਮੇਰੇ ਨਾਲ ਚਿੱਠੀ ਪੱਤਰ ਲਿਖਣ ਲਿਖਵਾਉਣ ਦੇ ਕੰਮ 'ਚ ਮੇਰੀ ਮਦਦ ਕਰਵਾ ਦਿੰਦੀ ਹੈ। ਫਿਰ ਅੰਦਰ ਬਾਹਰ ਜਾਵਾਂ ਤਾਂ ਘਰ ਦੀਆਂ ਜ਼ੁੰਮੇਵਾਰੀਆਂ ਸਾਂਭਣੀਆਂ। ਬਾਹਰੋਂ ਆਇਆਂ ਲਈ ਰੋਟੀ ਪਾਣੀ ਦੀ ਸੇਵਾ,ਸੁਨੇਹੇ ਲੈਣੇ ਦੇਣੇ...ਇਹ ਕੰਮ ਭਾਵੇਂ ਉਹ ਕਿਸੇ ਅਹੁਦੇ ਦੀ ਝਾਕ 'ਚ ਨਹੀਂ ਕਰਦੀ, ਨਾ ਵੀ ਚੁਣੀ ਗਈ ਤਾਂ ਵੀ ਉਸ ਨੇ ਕਰਦਿਆਂ ਰਹਿਣਾ...ਪਰ ਬੰਦੇ ਨੂੰ ਉਸ ਦੇ ਕੰਮ ਦੀ ਮਾਨਤਾ ਤਾਂ ਮਿਲਣੀ ਹੀ ਚਾਹੀਦੀ ਹੈ ਨਾਲੇ ਔਰਤਾਂ ਨੂੰ ਪ੍ਰਤੀਨਿਧਤਾ ਮਿਲਣੀ ਚਾਹੀਦੀ ਹੈ।"[31]

ਔਰਤ ਨੂੰ ਖੁੱਲ ਦਿੱਤੀ ਗਈ ਹੈ ਉਹ ਵੀ ਮਰਦ ਦੇ ਬਰਾਬਰ ਕੰਮ ਕਰ ਸਕਦੀ ਹੈ। ਉਸ ਨੂੰ ਕੋਈ ਕੁੱਝ ਨਹੀਂ ਕਹਿ ਸਕਦਾ ਪਰ ਸਮਾਜ ਉਸ ਬਾਰੇ ਗ਼ਲਤ ਸੋਚਦਾ ਹੈ ਕਿਉਂਕਿ ਅੱਜ ਵੀ ਸਮਾਜ ਔਰਤ ਨੂੰ ਦਬਾਅ ਕੇ ਰੱਖਦਾ ਹੈ। ਨਾਵਲ ਵਿਚ ਅਜਿਹੀ ਹੀ ਇੱਕ ਘਟਨਾ ਸਾਡੇ ਸਨਮੁੱਖ ਹੁੰਦੀ ਹੈ ਜਿਸ ਵਿਚ ਮਨਜੀਤ ਦਾ ਨਕਸਲਵਾਦੀਆਂ ਦੀ ਕਾਰਗੁਜਾਰੀ ਵਿਚ ਹਿੱਸਾ ਲੈਣ ਦਾ ਰੁਝਾਨ ਜਾਂ ਰੁੱਚੀ ਸਾਫ਼ ਝਲਕਦੀ ਹੈ। ਉਹ ਜੱਸੀ ਨਾਲ ਮੀਟਿੰਗਾਂ ਵਿਚ ਵੀ ਹਿੱਸਾ ਲੈਂਦੀ ਸੀ। ਜੱਸੀ ਦਾ ਸੋਚਣਾ ਸੀ ਕਿ ਔਰਤਾਂ ਨੂੰ ਹੁਣ ਘਰ ਦੇ ਚੁੱਲ੍ਹੇ ਚੌਂਕੇ 'ਚੋਂ ਬਾਹਰ ਨਿਕਲਣਾ ਚਾਹੀਦਾ ਹੈ ਤੇ ਸਮਾਜ ਦੇ ਮਸਲਿਆਂ 'ਚ ਮਰਦ ਦੇ ਬਰਾਬਰ ਵਿਚਰਨਾ ਚਾਹੀਦਾ ਹੈ। ਖ਼ਾਸ ਕਰ ਕੇ ਆਪਣੇ ਹੱਕਾਂ ਲਈ ਲੜਨਾ ਚਾਹੀਦਾ ਹੈ ਤਾਂ ਕਿ ਕੋਈ ਵੀ ਉਸ ਨੂੰ ਕਮਜ਼ੋਰ ਨਾ ਸਮਝੇ। ਜੱਸੀ, ਮਨਜੀਤ ਦਾ ਨਾਮ ਵੀ

[31] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 62

ਪੈਨਲ 'ਚ ਲਿਖਵਾਉਣਾ ਚਾਹੁੰਦਾ ਸੀ ਤਾਂ ਕਿ ਉਹ ਜੱਸੀ ਦੀ ਮਦਦ ਕਰ ਸਕੇ। ਕਈ ਵਾਰ ਜਸਪਾਲ ਨੂੰ ਮਨਜੀਤ ਤੇ ਗੁੱਸਾ ਵੀ ਆਉਂਦਾ ਸੀ ਕਿਉਂਕਿ ਉਸ ਨੂੰ ਬੱਝਣਾ ਪੈਂਦਾ ਸੀ।ਉਹ ਕਹਿੰਦਾ ਹੈ:

" ਐਵੇਂ ਵਿਆਹ ਦਾ ਪੰਗਾ ਲਿਆ! ਕਦੀ ਕਦੀ ਤਾਂ ਉਹ ਮਨਜੀਤ ਤੋਂ ਅੱਕ ਜਾਂਦਾ ਜਿਊਣ ਦਾ ਸੁਪਨਈ ਅੰਦਾਜ਼ ਗਾਇਬ ਹੋ ਰਿਹਾ ਸੀ ਉਸ ਚੋਂ ਵੀ ਉਮੰਗਾਂ,ਤਾਂਘਾਂ ਨਾਲ ਭਰਿਆ ਸਲੀਕਾ...ਤੇ ਗ੍ਰਹਿਸਥੀ 'ਚ ਢਲਦੀ ਹੋਈ ਔਰਤ, ਸਗੋਂ ਔਰਤਾਂ ਤੋਂ ਕੁੱਝ ਵੱਧ ਹੀ। ਜੇ ਜੱਸੀ ਕੋਈ ਗੱਲ ਨਾ ਮੰਨਦਾ ਤਾਂ ਚਿੜ ਉੱਠਦੀ, ਸਭ ਮਰਦ ਇੱਕੋ ਜਿਹੇ ਹੀ ਹੁੰਦੇ ਐ...ਬਰਾਬਰੀ ਤਾਂ ਬਸ ਕਹਿਣ ਦੀ ਗੱਲ ਐ ਕਾਮਰੇਡਾਂ 'ਚ ਸਟੇਜਾਂ ਤੋਂ ਔਰਤਾਂ ਨੂੰ ਕਦੀ ਪਿੰਡ ਜਾ ਕੇ ਦੇਖਿਆ ਦੂਸਰੀਆਂ ਔਰਤਾਂ ਦੀ ਹਾਲਤ? ਜਾਂ ਕਦੀ ਆਪਣੀਆਂ ਭਰਜਾਈਆਂ ਨਾਲ ਮੇਚ ਕੇ ਦੇਖੀਂ ਆਪਣੇ ਆਪ ਨੂੰ।ਮੈ ਕਿਉਂ ਦੇਖਾਂ? ਬਰਾਬਰ ਦਾ ਕਮਾਉਂਦੀ ਹਾਂ। ਉਹ ਅੜ ਖੜੌਂਦੀ, ਮੈਂ ਇਸ ਲਈ ਕਾਮਰੇਡ ਨਾਲ ਨਹੀਂ ਸੀ ਵਿਆਹ ਕਰਵਾਇਆ ਕਿ ਦੂਸਰੀਆਂ ਔਰਤਾਂ ਵਾਂਗ ਹੀ ਚੁੱਲ੍ਹੇ ਚੌਕੇ 'ਚ ਮਰਦੀ-ਖਪਦੀ ਰਹਾਂ...ਬੰਦਾਂ ਕੋਈ ਹੱਥ ਹੀ ਵਟਾ ਦਿੰਦਾ ਕੰਮਾਂ 'ਚ।"[32]

ਉਪਰੋਕਤ ਸਤਰਾਂ 'ਚ ਕਹਿ ਸਕਦੇ ਹਾਂ ਕਿ ਕਈ ਵਾਰ ਮਨੁੱਖ ਦੀ ਸਥਿਤੀ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਉਹ ਆਪਣੀ ਜ਼ਿੰਦਗੀ ਤੋਂ ਦੁਖੀ ਹੋ ਜਾਂਦਾ ਹੈ ਤੇ ਸਭ ਨਾਲ ਬੁਰਾ ਵਿਵਹਾਰ ਕਰਦਾ ਹੈ ਇਹੋ ਜਿਹੀ ਸਥਿਤੀ ਅਸੀਂ ਨਾਵਲ ਵਿਚ ਮਨਜੀਤ ਤੇ ਜੱਸੀ ਦੀ ਦੇਖ ਸਕਦੇ ਹਾਂ ਦੋਹਾਂ ਨੇ ਇੱਕ ਦੂਸਰੇ ਦੀ ਰਜ਼ਾਮੰਦੀ ਨਾਲ ਵਿਆਹ ਕਰਵਾਇਆ ਸੀ ਪਰ ਜਸਪਾਲ ਸਾਰਾ ਦਿਨ ਨਕਸਲੀ ਲਹਿਰ ਵਿਚ ਹੀ ਫਸਿਆ ਰਹਿੰਦਾ ਸੀ। ਮਨਜੀਤ ਚਾਹੁੰਦੀ ਸੀ ਕਿ ਜੱਸੀ ਉਸ ਦੇ ਕੰਮਾਂ ਵਿਚ ਹੱਥ ਵਟਾਵੇ ਤੇ ਜਿਸ ਤਰ੍ਹਾਂ ਮੈ ਕਹਾਂ ਉਹ ਉਸੇ ਤਰ੍ਹਾਂ ਕਰੇ ਪਰ ਜੱਸੀ ਇਨ੍ਹਾਂ ਸਭ ਗੱਲਾਂ ਤੋਂ ਗੁੱਸੇ ਹੁੰਦਾ ਕਿ ਮਰਦ ਇਸਤਰੀ ਨਾਲ ਕੰਮ ਨਹੀ ਕਰ ਸਕਦਾ ਕਿਉਂਕਿ ਉਹ ਇਸ ਵਿਚ ਆਪਣੀ ਬੇਇਜਤੀ ਮਹਿਸੂਸ ਕਰਦਾ ਹੈ। ਸਮਾਜ ਦੀਆਂ ਵਰਜਨਾਵਾਂ ਵਿਅਕਤੀ ਨੂੰ ਹਮੇਸ਼ਾ ਹੀ ਆਪਣੇ

[32] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 78

ਸਭਿਆਚਾਰ ਤੋਂ ਉਲਟ ਜਾਣ ਤੋਂ ਰੋਕਦੀਆਂ ਹਨ। ਜਦੋਂ ਮਨਜੀਤ ਜ਼ਿਆਦਾ ਤਸੱਵਰ ਦਿਖਾਉਂਦੀ ਤਾਂ ਜਸਪਾਲ ਚੁੱਪ ਕਰ ਜਾਂਦਾ। ਇਸ ਤਰ੍ਹਾਂ ਦੀ ਜ਼ਿੰਦਗੀ ਉਹ ਗੁਜ਼ਾਰ ਰਹੇ ਸੀ। ਜਸਪਾਲ ਯੂਨੀਅਨ ਪਾਰਟੀ ਦਾ ਮੈਂਬਰ ਵੀ ਸੀ ਇਸ ਲਈ ਉਹ ਕੰਮ ਵਿਚ ਰੁੱਝਾ ਰਹਿੰਦਾ ਸੀ।

ਨਕਸਲਵਦੀ **ਲ**ਹਿਰ ਨੇ ਆਮ ਵਰਗ ਦਾ ਪੂੰਜੀਪਤੀ ਵਰਗ ਨਾਲ ਇਕ ਸੰਘਰਸ਼ ਖੋਲ ਦਿੱਤਾ ਸੀ। ਉਨ੍ਹਾਂ ਦੇ ਝਗੜੇ ਜ਼ਮੀਨਾਂ ਕਰ ਕੇ ਹੁੰਦੇ ਸੀ। ਨਾਵਲ ਵਿਚ ਚੌਧਰੀ ਗੋਵਰਧਨ ਨੇ ਵਾਢੀ ਤੋਂ ਪਹਿਲਾ ਕਿਸ਼ਨੇ ਨੂੰ ਕਿਹਾ ਤੂੰ ਜ਼ਮੀਨ ਛੱਡਦੀ। ਉਸ ਨੇ ਕਿਹਾ ਕਿ ਮੇਰੇ ਕੋਲ ਰਹਿਣ ਦਿਉ ਪਰ ਉਹ ਨਾ ਮੰਨਿਆਂ ਤੇ ਫਿਰ ਉਸ ਨੇ ਧਮਕੀ ਭਰੇ ਸੁਰ 'ਚ ਕਿਹਾ ਕਿ ਜ਼ਮੀਨ ਛੱਡ ਦਈ । ਉਸ ਸਮੇਂ ਉਸ ਦੇ ਸ਼ਰੀਕੇ ਭਾਈਚਾਰੇ ਦੇ ਲੋਕ ਵੀ ਉਸ ਨਾਲ ਨਾ ਤੁਰੇ ਤੇ ਉਹ ਵੀ ਸਾਥ ਛੱਡ ਗਏ। ਜਿਸ ਤਰ੍ਹਾਂ ਨਾਵਲ ਵਿਚ ਕਿਸ਼ਨੇ ਨਾਲ ਹੋਇਆ:-

" ਉਹ ਪੁਲਿਸ ਕੋਲ ਗਿਆ ਦਰਖ਼ਾਸਤ ਲੈ ਕੇ, ਨਾਲ ਪਿਛਲੇ ਤਿੰਨ ਦਹਾਕਿਆਂ ਦੀ ਕਾਸ਼ਤ ਦੀਆਂ ਫ਼ਰਦਾਂ ਲਾਈਆਂ ਪਰ ਪੁਲਿਸ ਨੇ ਕੋਈ ਗੱਲ ਨਾ ਸੁਣੀ। ਸਰਪੰਚ ਹੀ ਸੀ ਚੌਧਰੀ ਦਾ ਬੰਦਾ। ਉਸ ਸ਼ਰੀਕੇ ਵਾਲੇ ਵੀ ਕੰਨ ਭਰਣ ਲੱਗੇ, ਕੋਰਟ ਕਚਹਿਰੀ ਗੁਆਹੀ ਤਾਂ ਦੇ ਸਕਦੇ ਹਾਂ, ਥਾਣੇ ਵੀ ਤੇਰੇ ਨਾਲ ਜਾ ਸਕਦੇ ਹਾਂ ਪਰ ਲੜਾਈ ਉਹ ਚੁੱਪ ਜਿਹੇ ਕਰ ਗਏ।"[33]

ਕਿਸ਼ਨਾ ਚੌਧਰੀ ਗੋਵਰਧਨ ਤੋਂ ਜ਼ਮੀਨ ਦੇ ਪੱਖੋਂ ਦੁਖੀ ਹੋ ਕੇ ਨਕਸਲੀ ਲਹਿਰ ਦੇ ਸਮਰਥਕ ਕੋਲ ਚਲਿਆ ਗਿਆ ਇੱਥੇ ਫਿਰ ਨਕਸਲੀ ਲਹਿਰ ਦੇ ਆਗੂ ਉਸ ਦਾ ਸਾਥ ਦਿੰਦੇ ਹਨ। ਫਿਰ ਉਹ ਥਾਣੇ ਗਿਆ ਉਸ ਨੇ ਕਿਹਾ ਜੇ ਕੱਲ੍ਹ ਕੁੱਝ ਹੋ ਗਿਆ ਤਾਂ ਤੁਸੀਂ ਜ਼ਿੰਮੇਵਾਰ ਹੋਵੋਗੇ। ਅਸੀਂ ਕਿਸੇ ਦੇ ਧੱਕੇ ਨਾਲ ਕਬਜ਼ਾ ਨਹੀਂ ਹੋਣ ਦੇਣਾ ਜੇ ਜ਼ਮੀਨ ਵਾਹੁਣ ਆਉਣਾ ਤਾਂ ਸੋਚ ਸਮਝ ਕੇ ਆਈ। ਉਸ ਸਮੇਂ ਪੈਸੇ ਲੈ ਦੇ ਕੇ ਜ਼ਮੀਨੀ ਕਬਜ਼ਾ ਛੁਡਾਉਣ ਨੂੰ ਉਹ ਸਭ ਤੋਂ ਵੱਡਾ ਸ਼ੁਗਲ ਸਮਝਦੇ ਸਨ। ਜ਼ਮੀਨਾਂ ਪਿੱਛੇ ਬਹੁਤ ਰੌਲੇ ਪੈਂਦੇ ਹੁੰਦੇ ਸਨ ਜਿਸ ਤਰ੍ਹਾਂ ਨਾਵਲ

[33] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 68

ਵਿਚ ਅਸੀਂ ਦੇਖ ਸਕਦੇ ਹਾਂ:-

" ਪਚਵੰਜਾ ਛਪੰਜਾ ਤੋਂ ਹੀ, ਜਦੋਂ ਮੁਜ਼ਾਰਾ ਲਹਿਰ ਵੇਲੇ ਬੰਨੇ 'ਤੇ ਅੱਧੋ-ਅੱਧ ਦੀ ਲੜਾਈ ਚੱਲੀ ਸੀ। ਮਾਲਕ ਕਈ ਥਾਂ ਦੋ ਤਿਹਾਈ ਤੇ ਕਈ ਥਾਂ ਤਿੰਨ ਚੌਥਾਈ ਵੀ ਲੈਂਦੇ ਸਨ। ਇਹ ਦੇਣ ਤੋਂ ਇਨਕਾਰੀ ਮੁਜ਼ਾਰਿਆਂ ਤੋਂ ਮਾਲਕਾਂ ਨੇ ਜ਼ਮੀਨਾਂ ਛੁਡਾਉਣ ਦੀ ਕੋਸ਼ਿਸ਼ ਕੀਤੀ। ਕਿਸਾਨ ਸਭਾ ਦੇ ਧੱਕੇ ਨਾਲ ਵਾਹੁਣ ਆਏ ਮਾਲਕਾਂ ਨਾਲ ਲੜਾਈਆਂ ਵੀ ਹੋਈਆਂ। ਚੌਧਰੀ ਕਰਨੈਲ ਸਿੰਘ ਦੇ ਬਾਪ ਮਹਿੰਗਾ ਸਿੰਘ ਦਾ ਉਦੋਂ ਬਹੁਤ ਦਬਦਬਾ ਹੁੰਦਾ ਸੀ।ਉਸ ਨੇ ਅੱਧ ਪਚੱਧੀ ਜ਼ਮੀਨ ਤਾਂ ਮੁਜ਼ਾਰਿਆਂ ਤੋਂ ਦਬਕੇ ਨਾਲ ਹੀ ਛੁਡਾ ਲਈ ਸੱਤੇ ਕਈ ਡਰੂ ਮੁਜ਼ਾਰੇ ਬਾਵਜੂਦ ਕਿਸਾਨ ਸਭਾ ਦੀਆਂ ਰੈਲੀਆਂ, ਜਲਸਿਆਂ, ਮੁਜ਼ਾਰਿਆਂ, ਮੀਟਿੰਗਾਂ ਦੇ, ਉਹੀ ਵੰਡਾਈ ਦਿੰਦੇ ਰਹੇ ਪਿੱਛੋਂ ਆ ਕੇ ਸਾਢੇ ਸਤਾਰਾਂ ਸਟੈਂਡਰਡ ਏਕੜ ਦੇ ਫਾਨੇ ਕਰ ਕੇ, ਜ਼ਮੀਨ ਸਰਪਲੱਸ ਹੋਣ ਲੱਗੀ ਤਾਂ ਮਹਿੰਗਾ ਸਿੰਘ ਨੇ ਵੇਚਣੀ ਸ਼ੁਰੂ ਕਰ ਦਿੱਤੀ ਜੇ ਕਿਤੇ ਹਜ਼ਾਰ ਦੀ ਜ਼ਮੀਨ ਬਣਦੀ ਸੀ ਤਾਂ ਕਿਸੇ ਨੇ ਪੰਜ ਸੌ ਦਿੱਤੇ, ਜਿਵੇਂ ਹੋਇਆ ਪੈਸੇ ਲੈ ਕੇ ਰਜਿਸਟਰੀਆਂ ਕਰੀ ਗਿਆ।"[34]

ਹਰੇ ਇਨਕਲਾਬ ਦੇ ਵਰਤਾਰੇ ਨਾਲ ਜ਼ਮੀਨਾਂ ਦੇ ਭਾਅ ਅਸਮਾਨ ਨੂੰ ਛੂਹਣ ਲੱਗ ਪਏ ਸਨ ਤਾਂ ਲੋਕਾਂ ਨੇ ਜ਼ਮੀਨਾਂ ਖ਼ਰੀਦਣੀਆਂ ਸ਼ੁਰੂ ਕਰ ਦਿੱਤੀਆਂ। ਜ਼ਮੀਨਾਂ ਪਿੱਛੇ ਲੋਕ ਇੱਕ ਦੂਜੇ ਦੇ ਵੈਰੀ ਬਣ ਗਏ। ਇਸ ਤੋਂ ਇਲਾਵਾ ਮਜ਼ਦੂਰ ਵੀ ਆਪਣੀਆਂ ਮੰਗਾਂ ਮਨਵਾਉਣ ਲਈ ਧਰਨੇ ਲਗਾਉਂਦੇ ਸਨ ਪਰ ਉਨ੍ਹਾਂ ਨੂੰ ਛੁੱਟੀ ਨਹੀਂ ਦਿੱਤੀ ਜਾਂਦੀ ਸੀ ਉੱਥੇ ਵੀ ਸਰਮਾਏਦਾਰਾਂ ਦਾ ਬੋਲਬਾਲਾ ਸੀ। ਉਹ ਸਿਰਫ਼ ਆਪਣੇ ਬਾਰੇ ਸੋਚਦੇ ਸਨ ਕਿ ਕਿਤੇ ਮਜ਼ਦੂਰ ਸਾਡੇ ਖ਼ਿਲਾਫ਼ ਨਾ ਹੋ ਜਾਣ।ਜਿਸ ਤਰ੍ਹਾਂ ਨਾਵਲ ਵਿਚ:-

"ਅੱਠ ਵਾਲੀ ਸ਼ਿਫਟ ਤੋਂ ਅੱਧਾ ਘੰਟਾ ਪਹਿਲਾਂ, ਵਰਕਰਾਂ ਨੇ ਨਾਹਰੇ ਲਾ ਕੇ ਗੇਟ ਮੂਹਰੇ ਧਾਰਨਾ ਸ਼ੁਰੂ ਕਰ ਦਿੱਤਾ। ਅੱਧ-ਪਚੱਧੇ ਤੰਬੂ ਲਾ ਕੇ ਬਹਿ ਗਏ ਗੇਟ ਦੇ ਬਿਲਕੁਲ ਸਾਹਮਣੇ। ਬਾਕੀ ਭਾਵੇਂ ਉਹ ਨਾਂ 'ਚ ਸ਼ਾਮਲ

[34] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 69

ਤਾਂ ਨਾ ਹੋਏ, ਪਰ ਉੱਥੋਂ ਲੰਘ ਕੇ ਉਨ੍ਹਾਂ ਲਈ ਵੀ ਅੰਦਰ ਜਾਣਾ ਔਖਾ ਸੀ ਕੁੱਝ ਹੋਰ ਗੇਟ ਦੇ ਆਸਪਾਸ ਆਪਣੇ ਸਾਈਕਲਾਂ ਦੇ ਸਟੈਂਡ ਲਾ, ਉਨ੍ਹਾਂ ਦਾ ਢਾਂਸਣਾ ਲਾਈ ਖੜ੍ਹੇ ਰਹੇ। 'ਮਜ਼ਦੂਰ ਏਕਤਾ,ਜ਼ਿੰਦਾਬਾਦ',ਠੇਕੇਦਾਰੀ ਸਿਸਟਮ ਬੰਦ ਕਰੋ', ਵਰਕਰਾਂ ਦੀ ਲੁੱਟ ਨਹੀਂ ਚੱਲੇਗੀ', ਰੈਡੀਕਲ ਵਰਕਰਜ਼ ਯੂਨੀਅਨ ਜ਼ਿੰਦਾਬਾਦ ਜਿਹੇ ਨਾਅਰੇ ਹਵਾ 'ਚ ਗੂੰਜਣ ਲੱਗੇ"।[35]

ਠੇਕੇਦਾਰਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ।ਠੇਕੇਦਾਰ ਬਹੁਤ ਹੀ ਘਟੀਆ ਲੋਕ ਸਨ ਉਹ ਹੁਸ਼ਿਆਰੀ ਵਰਤ ਕੇ ਆਪਣੇ ਵਫ਼ਾਦਾਰਾਂ ਨੂੰ ਗੇਟ ਰਾਹੀ ਅੰਦਰ ਲੰਘਾਂ ਲੈਂਦੇ ਸਨ। ਉਹ ਆਪਣੇ ਆਪ ਨੂੰ ਬਚਾਉਣ ਲਈ ਪੁਲਿਸ ਨੂੰ ਫ਼ੋਨ ਕਰ ਦਿੰਦੀ ਸੀ। ਪੁਲਿਸ ਦਾ ਰਵੱਈਆ ਬਹੁਤ ਬੁਰਾ ਸੀ ਉਨ੍ਹਾਂ ਦੇ ਡਰ ਨਾਲ ਉਹ ਉੱਥੋਂ ਭੱਜ ਜਾਂਦੇ। ਜਿਹੜੇ ਰਹਿ ਜਾਂਦੇ ਉਨ੍ਹਾਂ ਨੂੰ ਪੁਲਿਸ ਫੜ ਕੇ ਲੈ ਜਾਂਦੀ ਤੇ ਬਹੁਤ ਹੀ ਘਟੀਆਂ ਸਲੂਕ ਕਰਦੇ ਸੀ ਕਈਆਂ ਦੇ ਸਿਰ ਪਾਟ ਗਏ ਸੀ ਤੇ ਲੱਤਾ ਟੁੱਟ ਗਈਆਂ ਸਨ। ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਅਸੀਂ ਦੇਖ ਸਕਦੇ ਹਾਂ ਕਿ ਸਰਮਾਏਦਾਰ ਮਜ਼ਦੂਰ ਲੋਕਾਂ ਨੂੰ ਦਬਾਅ ਕੇ ਰੱਖਦੇ ਸਨ। ਨਕਸਲਵਾਦ ਲਹਿਰ ਆਪਣੇ ਪੂਰੇ ਜ਼ੋਰ 'ਤੇ ਸੀ। ਉਨ੍ਹਾਂ ਨੂੰ ਡਰ ਸੀ ਕਿ ਮਜ਼ਦੂਰ ਸਾਡੇ ਖ਼ਿਲਾਫ਼ ਨਾ ਹੋ ਜਾਣ। ਪੂੰਜੀਵਾਦ ਵਰਕਰਾਂ ਨੂੰ ਲੁੱਟ-ਲੁੱਟ ਖਾਈਂ ਜਾ ਰਹੇ ਸਨ ਤੇ ਮਜ਼ਦੂਰ ਹੱਕਾਂ ਲਈ ਬਗ਼ਾਵਤਾਂ ਕਰ ਰਹੇ ਸਨ। ਨਕਸਲੀ ਲਹਿਰ ਵਾਲੇ ਗੱਲ ਨੂੰ ਤੂਲ ਦੇ ਕੇ ਮਿੱਲ 'ਚ ਤੋੜ ਭੰਨ ਕਰਵਾਉਣੀ ਚਾਹੁੰਦੇ ਸਨ।ਇਸ ਲਈ ਉਨ੍ਹਾਂ ਨੇ ਵਰਕਰਾਂ ਨੂੰ ਵਧਾਵਾਂ ਦਿੱਤਾ ਭਾਵ ਉਤਸ਼ਾਹ ਕੀਤਾ।ਪੁਲਿਸ ਨੇ ਉਨ੍ਹਾਂ ਨੂੰ ਡਰਾਉਣ ਧਮਕਾਉਣ ਲਈ ਬਹੁਤ ਲਾਠੀਚਾਰਜ ਕੀਤਾ।

ਸਿੱਖਾਂ 'ਚ ਆਪਣੇ ਸਰਵੋਤਮ ਤੇ ਅਲੱਗ ਹੋਣ ਦੀ ਭਾਵਨਾ ਵੀ, ਜਿਸ ਦਾ ਪ੍ਰਗਟਾਵਾ ਖੁੱਲ੍ਹਮ-ਖੁੱਲ੍ਹਾ ਹੋਣ ਲੱਗ ਪਿਆ ਸੀ। ਜਦੋਂ ਗੱਲ ਰਾਜਨੀਤੀ ਦੀ ਆਉਂਦੀ, ਰਾਜਸੀ ਸੁਰ ਦੀ ਕਿਸੇ ਸਰਗਰਮੀ ਦੀ, ਤਾਂ ਪੰਝੀਆਂ ਤੋਂ ਵੱਧ ਗਿਣਤੀ ਨਾ ਪੁੱਜਦੀ। ਰਾਜਸੀ ਸੁਰ ਸੇਧ ਤੋਂ ਬਿਨਾਂ ਯੂਨੀਅਨ ਕਿਵੇਂ ਕਾਇਮ ਰਹਿ ਸਕਦੀ ਹੈ। ਅੱਤਵਾਦ ਨੇ

[35] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 70

ਸਾਰੇ ਪਾਸੇ ਅਪਣੀ ਅੱਗ ਫੈਲਾ ਦਿੱਤੀ । ਇਸ ਦਾ ਨਤੀਜਾ ਬੁਰਾ ਹੋਇਆ। ਜਿਸ ਤਰ੍ਹਾਂ ਨਾਵਲ ਵਿਚ :-

" ਸਕੂਲਾਂ 'ਚ ਪੜ੍ਹਨ-ਪੜ੍ਹੌਣ ਦਾ ਰੁਝਾਨ ਵੀ ਘੱਟ ਰਿਹਾ ਸੀ। ਇੱਕ ਤਾਂ ਅੱਤਵਾਦੀ ਅਨਸਰਾਂ ਵਾਲੇ ਘੇਰੇ 'ਚੋਂ ਆਉਂਦੇ ਮੁੰਡੇ ਅਧਿਆਪਕਾਂ ਨੂੰ ਕੁੱਝ ਸਮਝਦੇ ਹੀ ਨਾ ਜੇ ਕੋਈ ਮਾਸਟਰ ਹਾਜ਼ਰੀ ਲਈ ਜਾਂ ਡਸਿਪਲਿਨ ਲਈ ਆਖਦਾ ਤਾਂ ਭੁਪਿੰਦਰ ਸਿੰਘ ਕੰਢੀ ਦਾ ਨਾਂ, ਇਸ ਅੜਿੱਕੇ ਨੂੰ ਦੂਰ ਕਰਨ ਲਈ ਕਾਫ਼ੀ ਹੁੰਦਾ। ਕੰਢੀ, ਸ਼ਹਾਬਪੁਰ ਦੇ ਨੇੜਲੇ ਪਿੰਡ ਪਨਖੂਹ ਦਾ ਸੀ, ਜਿਹੜਾ ਅੰਮ੍ਰਿਤਸਰ ਦੇ ਖ਼ਾਲਸਾ ਕਾਲਜ 'ਚ ਪੜ੍ਹਦਿਆਂ ਸਿੱਖ ਫੈਡਰੇਸ਼ਨ ਦੇ ਨੇੜੇ ਹੋਇਆ। ਜਦੋਂ ਸਾਕਾ ਨੀਲਾ ਵਾਪਰਿਆ ਤਾਂ ਉਹ ਇੱਕ ਦਿਨ ਪਹਿਲਾਂ ਹੀ ਸ੍ਰੀ ਹਰਿਮੰਦਰ ਸਾਹਿਬ ਚੋਂ ਜਰਨੈਲ ਸਿੰਘ ਭਿੰਡਰਾਂਵਾਲੇ ਕੋਲੋਂ ਆਇਆ ਸੀ। ਇਸ ਦੁਖਾਂਤ ਨੇ ਉਸ ਅੰਦਰ ਜਿਵੇਂ ਗੁੱਸੇ ਦੇ ਭਾਂਬੜ ਬਾਲ ਦਿੱਤੇ ਸਨ। "ਖ਼ਾਲਿਸਤਾਨ ਹੁਣ ਬਣ ਕੇ ਰਹੇਗਾ...ਸੰਤਾਂ ਨੇ ਬਹੁਤ ਪਹਿਲਾ ਦਾ ਕਹਿ ਦਿੱਤਾ ਹੋਇਆ ਕਿ ਖ਼ਾਲਿਸਤਾਨ ਮੰਗਦੇ ਨਹੀਂ, ਪਰ ਜੇ ਕੇਂਦਰ ਦੀ ਹਿੰਦੂਆਂ ਦੀ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜ ਹਮਲਾ ਕੀਤਾ ਤਾਂ ਉਸੇ ਦਿਨ ਖ਼ਾਲਿਸਤਾਨ ਦੀ ਨੀਂਹ ਰੱਖ ਹੋ ਜਾਵੇਗੀ।"[36]

ਉਪਰੋਕਤ ਵਿਚਾਰ ਚਰਚਾ ਸਪੱਸ਼ਟ ਕਰਦੀ ਹੈ ਕਿ ਅੱਤਵਾਦ ਨੇ ਆਮ ਲੋਕਾਂ ਦਾ ਜੀਵਨ ਅੰਤਾਂ ਦਾ ਮੁਸ਼ਕਿਲ ਕਰ ਦਿੱਤਾ ਸੀ। ਸਰਕਾਰੀ ਤੰਤਰ ਵੀ ਕਿਤੇ ਨਾ ਕਿਤੇ ਇਸ ਨੂੰ ਵਧਣ-ਫੁੱਲਣ ਦਾ ਮੌਕਾ ਦੇ ਰਿਹਾ ਸੀ। ਦਰਅਸਲ ਭ੍ਰਿਸ਼ਟ ਸਰਕਾਰਾਂ ਤੇ ਮੰਤਰੀ ਆਪਣੇ ਹਿੱਤਾ ਨੂੰ ਦੇਸ਼ ਤੋਂ ਅੱਤਵਾਦ ਉਤੇ ਰੱਖਦੇ ਹਨ। ਇਸ ਨਾਲ ਬੱਚਿਆਂ ਦੀ ਸਿੱਖਿਆਂ ਤੇ ਬਹੁਤ ਅਸਰ ਪਿਆ। ਉਨ੍ਹਾਂ ਦੇ ਹਥਿਆਰਾਂ ਦੇ ਜਲੌਅ ਨੇ ਇਲਾਕੇ ਦੇ ਅਨੇਕਾਂ ਮੁੰਡਿਆਂ ਨੂੰ ਉਨ੍ਹਾਂ ਵੱਲ ਖਿੱਚਿਆਂ। ਅਜਿਹੀਆਂ ਗੱਲਾਂ ਜਵਾਨ ਹੋ ਰਹੀ ਪੀੜ੍ਹੀ ਨੂੰ ਬਹੁਤ ਭਾਉਂਦੀਆਂ ਸਨ।ਉਹ ਪੁਲਿਸ ਦੇ ਹੱਥੋਂ ਮਾਰੇ ਵੀ ਗਏ ਸੀ। ਇਸ ਦੇ ਅਸਰ ਨਾਲ ਸਕੂਲ ਦਾ ਮਾਹੌਲ ਨੂੰ ਬੁਰੀ ਤਰ੍ਹਾਂ ਤਬਾਹ ਹੋ ਗਿਆ ਸੀ। ਅਧਿਆਪਕ ਵੀ ਸਿਰਫ਼ ਖਾਨਾਪੂਰਤੀ ਹੀ ਕਰਨ ਆਉਂਦੇ ਸਨ। ਜੇਕਰ ਉਨ੍ਹਾਂ ਨੂੰ ਕੋਈ ਕੁੱਝ ਕਹਿੰਦਾ ਤਾਂ ਉਹ

[36] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 75

ਅੱਗੋਂ ਅੱਖਾਂ ਦਿਖਾਉਂਦੇ ਤੇ ਕਈ ਵਾਰ ਤਾਂ ਬੇਇੱਜ਼ਤੀ ਕਰਨ ਤੇ ਵੀ ਉੱਤਰ ਆਉਂਦੇ। ਪੜ੍ਹਾਈ ਨੂੰ ਪਹਿਲ ਦੇਣ ਵਾਲੇ ਅਧਿਆਪਕ ਬਹੁਤ ਥੋੜ੍ਹੇ ਰਹਿ ਗਏ ਸਨ। ਅੱਤਵਾਦ ਨੇ ਪੰਜਾਬ 'ਤੇ ਬਹੁਤ ਤਬਾਹੀ ਮਚਾਈ ਜਿਸ ਕਾਰਨ ਲੋਕਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਨਕਸਲਬਾੜੀਆਂ ਦਾ ਮੁੱਖ ਮਕਸਦ ਖ਼ਾਲਿਸਤਾਨ ਬਣਾਉਣਾ ਸੀ।

ਮਨਜੀਤ ਜਦ ਵੀ ਦੂਸਰਿਆਂ ਦੀ ਅਮੀਰੀ ਦੇਖਦੀ ਤਾਂ ਉਸ ਦੇ ਦਿਲ ਵਿਚ ਵੀ ਅੰਦਰੂਨੀ ਇੱਛਾ ਦੀ ਜਾਗ੍ਰਿਤੀ ਹੁੰਦੀ ਕਿ ਅਸੀਂ ਵੀ ਇਸ ਤਰ੍ਹਾਂ ਹੁੰਦੇ। ਮਨਜੀਤ ਸ਼ਾਨੋ ਸ਼ੌਕਤ ਦੀ ਦੌੜ 'ਚ ਵੀ ਸ਼ਾਮਲ ਹੁੰਦੀ ਜਾਂਦੀ ਸੀ। ਉਸ ਦੀ ਇੱਛਾ ਸੀ ਆਪਣਾ ਘਰ ਵੀ ਸ਼ਾਨੋਂ ਸ਼ੋਕਤ ਭਾਵ ਅਮੀਰਾਂ ਦੇ ਘਰਾਂ ਵਰਗਾ ਬਣਾਉਣਾ ਤੇ ਵੱਡੀ ਕਾਰ ਲੈਣ ਦਾ ਸੁਪਨਾ ਸੱਚ ਕਰਨਾ ਹੈ। ਜਸਪਾਲ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਉਨ੍ਹਾਂ ਦੀ ਰੀਸ ਨਹੀਂ ਅਸੀਂ ਕਰ ਸਕਦੇ। ਦੋਵੇਂ ਉਨ੍ਹਾਂ ਮਹਿਕਮਿਆਂ 'ਚ ਲੱਗੇ ਸਨ। ਜਿੱਥੋਂ ਕੋਈ ਉੱਪਰੋਂ ਕਮਾਈ ਦਾ ਕੋਈ ਹਿਸਾਬ ਨਹੀਂ। ਜਿਸ ਕਾਰਨ ਉਨ੍ਹਾਂ ਨੂੰ ਆਪਣੀਆਂ ਇੱਛਾਵਾਂ ਅਧੂਰੀਆਂ ਹੀ ਨਜ਼ਰ ਆਉਂਦੀਆਂ।

"ਲੋਕ ਨੀ ਕਿਸੇ ਦੀ ਤਰੱਕੀ ਨੂੰ ਦੇਖ ਕੇ ਜ਼ਰ ਸਕਦੇ ਪਰ ਮਨਜੀਤ ਇਸ ਮਾਮਲੇ 'ਚ ਕੋਈ ਗੱਲ ਸੁਣਨ ਨੂੰ ਤਿਆਰ ਨਾ ਹੁੰਦੀ। ਉਸ ਦੀ ਉਨ੍ਹਾਂ ਵਰਗਾਂ ਅਮੀਰ ਹੋਣ ਦੀ ਖ਼ਾਹਿਸ਼ ਜਿਵੇਂ ਹੁਣ ਭਬਕਣ ਲੱਗ ਪਈ ਸੀ। ਜੱਸੀ ਦੇ ਕਦੀ ਕਦੀ ਧਰਨਿਆਂ ਮੁਜ਼ਾਹਰਿਆਂ 'ਚ ਜਾਣ ਦਾ ਉਸ ਨੂੰ ਕੋਈ ਇਤਰਾਜ਼ ਨਹੀਂ ਸੀ। ਇਸ ਨੂੰ ਤਾਂ ਸਗੋਂ ਉਹ ਜ਼ਰੂਰੀ ਸਮਝਦੀ। ਇਲਾਕੇ 'ਚ ਦਸ ਬੰਦੇ ਤੁਹਾਨੂੰ ਜਾਣਦੇ ਨਾ ਹੋਣ, ਦੁੱਖ ਸੁਖ ਵੇਲੇ ਤੁਹਾਡੇ ਨਾਲ ਤੁਰਨ ਵਾਲੇ ਨਾ ਹੋਣ ਤਾਂ ਤੁਹਾਨੂੰ ਕੋਈ ਸਮਝਦਾ ਹੀ ਕੁੱਝ ਨਹੀਂ! ਸਮਾਜ 'ਚ ਕਦਰ ਉਸ ਬੰਦੇ ਦੀ ਪੈਂਦੀ ਐ, ਜਿਸ ਨਾਲ ਦਸ ਵੀਹ ਬੰਦੇ ਖੜ੍ਹੇ ਹੋਣ ਵਾਲੇ ਹੋਣ।"[37]

ਨਾਵਲ ਵਿਚ ਪੇਸ਼ ਇਹ ਘਟਨਾ ਮਨਜੀਤ ਦੀਆਂ ਇੱਛਾਵਾਂ ਦੀ ਪੇਸ਼ਕਾਰੀ ਕਰਦੀ ਹੈ। ਮਨਜੀਤ

[37] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 80

ਆਪਣੀਆਂ ਇੱਛਾਵਾਂ ਨੂੰ ਅਮਲੀ ਰੂਪ ਦੇਣ ਲਈ ਉਹ ਕੋਈ ਮੌਕਾ ਨਾ ਛੱਡਦੀ ਤੇ ਉਹ ਸ਼ਾਮ ਨੂੰ ਇੱਕ ਅੱਧ ਗੇੜਾ ਜ਼ਰੂਰ ਖੇਤਾਂ ਵੱਲ ਮਾਰਦੀ ਤੇ ਸਕੂਲੋਂ ਆ ਕੇ ਕੰਮਾਂ ਦਾ ਪੂਰਾ ਮੁਆਇਨਾ ਕਰਦੀ।ਉਸ ਨੂੰ ਅਮੀਰਾਂ ਵਾਂਗ ਰਹਿਣ ਦੀ ਬਹੁਤ ਚਾਹਤ ਸੀ। ਉਹ ਜੱਸੀ ਨੂੰ ਸਮਝਾਉਂਦੀ ਕਿ ਅਮੀਰਾਂ ਵਾਂਗ ਰਿਹਾ ਕਰ ਤਾਂ ਕੇ ਲੋਕ ਸਾਡੀ ਕਦਰ ਕਰਨ ਪਰ ਜੱਸੀ ਨੂੰ ਝੂਠੀ ਸ਼ਾਨ ਸ਼ੌਕਤ ਦਾ ਕੋਈ ਸ਼ੋਕ ਨਹੀਂ ਸੀ। ਉਹ ਸਿਰਫ਼ ਆਪਣੇ ਕੰਮਾਂ 'ਚ ਰੁੱਝਿਆਂ ਰਹਿੰਦਾ।ਉਸ ਲਈ ਆਪਣੇ ਕੰਮ ਜ਼ਰੂਰੀ ਸਨ ਕਿਉਂਕਿ ਸਾਰੇ ਕੰਮ ਕਾਰ ਉਹੀ ਦੇਖਦਾ ਸੀ। ਪੂੰਜੀਪਤੀ ਕਦਰਾਂ ਕੀਮਤਾਂ ਨੇ ਮਾਨਵੀ ਸੰਵੇਦਨਾਵਾਂ ਜਿੱਥੇ ਸਾਡੇ ਜੀਵਨ ਵਿਚ ਮਨਫ਼ੀ ਕੀਤਾ ਹੈ, ਉਤੇ ਹੀ ਝੂਠੀ ਸ਼ਾਨ-ਸ਼ੌਕਤ ਦੇ ਮੱਕੜ-ਜਾਲ ਵਿਚ ਵੀ ਉਲਝਾਇਆ। ਨਾਵਲ ਵਿਚ ਅਸੀਂ ਕਹਿ ਸਕਦੇ ਹਾਂ ਕਿ ਇੱਕ ਵਿਅਕਤੀ ਲਈ ਪੈਸਿਆਂ ਦੀ ਕਿੰਨੀ ਅਹਿਮੀਅਤ ਹੁੰਦੀ ਹੈ। ਝੂਠੀ ਅਮੀਰੀ ਲਈ ਇਸ ਨਾਵਲ ਦੇ ਪਾਤਰ ਕੁਝ ਵੀ ਕਰ ਦਿੰਦੇ ਹਨ। ਇੱਥੇ ਉਸ ਦੀ ਮਾਨਸਿਕਤਾ ਬਣੀ ਹੋਈ ਹੈ ਕਿ ਸਮਾਜ ਪੈਸੇ ਵਾਲੇ ਦੀ ਹੀ ਕਦਰ ਕਰਦੀ ਹੈ ਤੇ ਉਸ ਦੇ ਅੱਗੇ ਪਿੱਛੇ ਭੱਜਦਾ ਹੈ।ਪਰ ਉਹੀ ਲੋਕ ਦੂਸਰੇ ਬੰਦੇ ਦੀ ਖ਼ੁਸ਼ੀ ਬਰਦਾਸ਼ਤ ਨਹੀਂ ਕਰ ਸਕਦੇ।

ਮੁੱਖ ਪਾਤਰ ਜੱਸੀ ਜਦੋਂ ਕਾਲਜ ਪੜ੍ਹਦਾ ਸੀ ਤਾਂ ਉਸ ਨੂੰ ਲਹਿਰ ਦੀਆਂ ਗੱਲਾਂ ਵਧੀਆਂ ਲੱਗਦੀਆਂ ਸਨ। ਉਸ ਨੂੰ ਬਹੁਤੀਆਂ ਗੱਲਾਂ ਭਾਵੇਂ ਸਮਝ ਨਾ ਆਉਂਦੀਆਂ ਪਰ ਉਸ ਦੀ ਸੋਚ ਨੂੰ ਜਿਵੇਂ ਜਾਗ ਲੱਗ ਗਈ ਸੀ। ਇਹੀ ਕਾਰਨ ਸੀ ਕਿ ਕਾਲਜ ਵਿਚ ਪੀ.ਐਸ.ਯੂ. ਵਾਲਿਆਂ ਨੂੰ ਜਦੋਂ ਉਹੋ ਜਿਹੀਆਂ ਹੀ ਗੱਲਾਂ ਕਰਦੇ ਦੇਖਿਆ ਤਾਂ ਉਨ੍ਹਾਂ ਦੇ ਨੇੜੇ ਹੋ ਗਿਆ। ਉਸ ਨੂੰ ਬਹੁਤੀ ਸਮਝ ਨਹੀਂ ਸੀ ਕਿ ਇਹ ਨਕਸਲਬਾੜੀ ਪਾਰਟੀ ਨਾਲ ਸੰਬੰਧਿਤ ਹਨ।ਹਥਿਆਰਾਂ ਦੀਆਂ ਗੱਲਾਂ,ਜਗੀਰਦਾਰਾਂ ਸ਼ਾਹੂਕਾਰਾਂ ਦੇ ਸਫ਼ਾਏ ਦੀਆਂ ਗੱਲਾਂ, ਬੁਰਜ਼ੂਆ ਪ੍ਰਬੰਧ ਨੂੰ ਤਹਿਸ ਨਹਿਸ ਕਰ ਕੇ ਪ੍ਰੋਲਤਾਰੀ ਸੱਤਾ ਨੂੰ ਕਾਇਮ ਕਰਨ ਦੀਆਂ ਗੱਲਾਂ,ਉਸ ਨੂੰ ਕਾਮਰੇਡ ਧੁੱਤ ਦੇ ਸਟੱਡੀ ਸਰਕਲ ਨਾਲੋਂ ਵੀ ਵੱਧ ਸੁਆਦ ਦਿੰਦੀਆਂ। ਬਸ ਅੱਗੇ ਲੰਘ ਕੇ ਤੁਰਨ ਦੀ ਹੀ ਗੱਲ ਸੀ। ਉਹ ਭਗਤ ਸਿੰਘ ਹੋਰਾਂ ਵਾਂਗ ਕੁਰਬਾਨੀ ਕਰਨ ਦੀ ਗੱਲ ਕਰਦਾ ਸੀ।ਨਕਸਲੀ ਕਾਰਕੁੰਨ ਵੀ ਉਸ ਨੂੰ ਮਿਲਣ ਲੱਗੇ ਜਿਨ੍ਹਾਂ ਕੋਲ ਹਥਿਆਰ

ਹੁੰਦੇ।ਕਿਤੇ ਕਿਸੇ ਦੇ ਸਫ਼ਾਏ ਦੀਆਂ ਗੱਲਾਂ, ਜਦੋਂ ਉਹ ਚਸਕੇ ਲੈ ਲੈ ਕੇ ਸੁਣਾਉਂਦੇ ਤਾਂ ਉਹਦਾ ਜੀਅ ਕਰਦਾ ਕਿ ਉਹ ਵੀ ਉਸ ਵਾਕੂਏ 'ਚ ਸ਼ਾਮਿਲ ਹੁੰਦਾ। ਪੁਲਿਸ ਸੱਤਾ ਦੇ ਬਾਵਜੂਦ, ਨੌਜੁਆਨ ਧੜਾਧੜ ਇਸ ਲਹਿਰ ਨਾਲ ਜੁੜ ਰਹੇ ਸਨ। ਜਦੋਂ ਇਹ ਵੀ ਪਤਾ ਕਿ ਲਹਿਰ ਨਾਲ ਜੁੜਨ ਦਾ ਅਰਥ ਮੌਤ ਨੂੰ ਸੱਦਾ ਦੇਣਾ ਹੈ। ਜਿਸ ਤਰ੍ਹਾਂ ਨਾਵਲ ਵਿਚ ਉਸ ਦਾ ਵਧਦਾ ਉਤਸ਼ਾਹ ਤੇ ਜਲੌਅ ਦੇਖਣ ਨੂੰ ਮਿਲਦਾ ਹੈ।

" ਹਥਿਆਰਾਂ ਪ੍ਰਤੀ ਲਾਲਸਾ ਤੇ ਆਦਰਸ਼ਵਾਦ ਦਾ ਜਨੂੰਨ ਉਸ ਨੂੰ ਕਾਜ਼ੀਪੁਰ ਦੇ ਇਜਲਾਸ 'ਚ ਖਿੱਚ ਕੇ ਲੈ ਗਏ ਸਨ।ਆਪਣੇ ਪਿੰਡਾਂ 'ਚ ਇਸ਼ਤਿਹਾਰ ਲਾਉਣ ਦਾ ਕੰਮ ਬਹੁਤਾ ਉਸ ਦਾ ਹੀ ਸੀ। ਵਿਦਿਆਰਥੀ ਯੂਨੀਅਨ 'ਚ ਸਰਗਰਮੀ ਕਰ ਕੇ ਉਸ ਦਾ ਪਿੰਡਾਂ 'ਚ ਬਹੁਤਾ ਪਤਾ ਨਹੀਂ ਸੀ। ਲੋਕ ਜਦੋਂ ਕੰਧ ਤੇ ਲੱਗੇ ਇਸ਼ਤਿਹਾਰ ਨੂੰ ਖੜ੍ਹੋ ਕੇ ਪੜ੍ਹਦਿਆਂ ਇੱਕ ਦੂਸਰੇ ਨਾਲ ਗੱਲਾਂ ਕਰਦੇ ਤਾਂ ਉਹ ਮਾਣ ਨਾਲ ਭਰ ਜਾਂਦਾ। ਹਵਾ 'ਚ ਹਰ ਪਾਸੇ ਨਕਸਲਬਾੜੀ ਦੀ ਸੁਗਬੁਗਾਹਟ ਘੁਲੀ ਹੋਈ ਲੱਗਦੀ, ਕਾਨਾਫੂਸੀਆਂ ਹੁੰਦੀਆਂ। ਉਸ ਦੀ ਬਹੁਤੀ ਚਰਚਾ ਹਾਜੀਪੁਰ ਮੰਡੀ 'ਚ ਕਾਮਰੇਡ ਬਚਨ 'ਤੇ ਹੋਏ ਹਮਲੇ ਤੋਂ ਪਿੱਛੋਂ ਨਿਕਲੇ ਰੋਸ ਮੁਜ਼ਾਹਰੇ ਦੌਰਾਨ ਹੋਈ ਸੀ।"[38]

ਇਸ ਤੋਂ ਇਲਾਵਾ ਹਰਬੰਸ ਵੀ ਇਸ ਵਿਚ ਸ਼ਾਮਿਲ ਹੋ ਗਿਆ। ਗ਼ਰੀਬ ਘਰ ਦਾ, ਆਪਣੇ ਚਾਰ ਭਰਾਵਾਂ ਤੋਂ ਛੋਟਾ ਸੀ। ਭਰਾਵਾਂ 'ਚੋਂ ਇੱਕ ਫ਼ੌਜ 'ਚ ਸੀ ਤੇ ਬਾਕੀ ਘਰ ਖੇਤੀ ਆਸਰੇ ਹੀ ਚਲਦਾ ਸੀ। ਉਸ ਦਾ ਬਾਪ ਵੀ ਹੱਡੋਂ ਨਰੋਆ ਸੀ ਘਰ 'ਚ ਕੰਮ ਨਾ ਚੱਲਦਾ ਹੋਣ ਕਰ ਕੇ, ਨਾ ਤਾਂ ਉਸ ਨੂੰ ਕੋਈ ਜ਼ੋਰ ਦੇ ਕੇ ਆਖਦਾ ਤੇ ਨਾ ਨਾ ਹੀ ਉਹ ਆਪ ਕਰਨ ਦੇ ਰਾਹ ਤੁਰਦਾ। ਤਾਸ਼ ਖੇਡ ਛੱਡੀ, ਮੇਲੇ ਮੁਸਾਹਬੇ ਚਲੇ ਗਏ ਜਾਂ ਮਾਂ ਤੋਂ ਕਿਸੇ ਤਰ੍ਹਾਂ ਪੈਸੇ ਖੋਹ ਖਿਝ ਕੇ ਮੁਕੇਰੀਆਂ ਜਾ ਕੇ ਸਿਨੇਮਾ ਦੇਖ ਲਿਆ। ਉਸ ਇਲਾਕੇ 'ਚ ਮੁਕੇਰੀਆਂ ਹੀ ਇਕੱਲਾ ਸਿਨੇਮਾ ਘਰ ਸੀ। ਇਸ ਰਾਹੀ ਉਸ ਦੇ ਘਰ ਦੀ ਆਰਥਿਕ ਹਾਲਾਤ ਵਿਗੜ ਗਈ ਜਿਸ ਤਰ੍ਹਾਂ ਕਿ ਨਾਵਲ ਵਿਚ ਵਰਣਨ ਮਿਲਦਾ

[38] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 86

ਹੈ:-

" ਵਿਹਲੇ ਘੁੰਮਦੇ ਦਾ ਫਿਰ ਨਕਸਲੀਆਂ ਨਾਲ ਸੰਪਰਕ ਹੋ ਗਿਆ ਤੇ ਉਨ੍ਹਾਂ ਦੇ ਜਲਸੇ ਮੁਜ਼ਾਹਰੇ 'ਚ ਜਾਣ ਲੱਗਾ। ਕਿਤੇ ਇਸ਼ਤਿਹਾਰ ਲਾ ਦਿੱਤੇ ਜਾਂ ਇੱਧਰ ਉੱਧਰ ਸੁਨੇਹੇ ਲਾ ਦਿੱਤੇ। ਕਾਮਰੇਡਾਂ ਨੇ ਕਹਿ ਕੁਹਾ ਕੇ ਇੱਕ ਹਮਦਰਦ ਦੀ ਕੁੜੀ ਦਾ ਰਿਸ਼ਤਾ ਉਸ ਨਾਲ ਕਰਵਾ ਦਿੱਤਾ ਪਰ ਵਿਆਹ ਤੋਂ ਪਿੱਛੋਂ ਵੀ ਕੰਮ ਕਰਨ ਦੀ ਉਸ ਦੀ ਆਦਤ ਨਾ ਬਣੀ। ਖਰਚਾ ਵੱਧ ਗਿਆ ਸੀ ਪਰ ਘਰ 'ਚ ਕੱਖ ਭੰਨ ਕੇ ਅਜੇ ਵੀ ਦੂਹਰਾ ਨਾ ਕਰਦਾ। ਬਾਪ ਦੀ ਮੌਤ ਹੋ ਗਈ ਤਾਂ ਭਰਾ ਅੱਡ ਅੱਡ ਹੋ ਗਏ। ਗੁਜ਼ਾਰਾ ਔਖਾ ਤੁਰਨ ਲੱਗਾ ਤਾਂ ਅੱਜੀਂ-ਪੱਜੀਂ ਘਰਵਾਲੀ ਗੁਰਮੇਲ ਕੌਰ ਨੂੰ ਲੈ ਕੇ ਸਹੁਰੀਂ ਜਾ ਵੜਦਾ।"[39]

ਉਪਰੋਕਤ ਸਤਰਾਂ ਤੋਂ ਇਹ ਪਤਾ ਲੱਗਦਾ ਹੈ ਕਿ ਨਕਸਲੀ ਲਹਿਰ ਜਦੋਂ ਸੁਲਗਣ ਸ਼ੁਰੂ ਹੋਈ ਤਾਂ ਨੌਜੁਆਨ ਪੀੜ੍ਹੀ ਨੇ ਆਪਣੇ ਕੰਮ ਧੰਦੇ ਛੱਡ ਕੇ ਲਹਿਰ ਵਿਚ ਸ਼ਾਮਿਲ ਹੋ ਗਏ। ਜਿਸ ਕਾਰਨ ਉਨ੍ਹਾਂ ਨੂੰ ਬੁਰਾ ਨਤੀਜਾ ਵੀ ਮਿਲਿਆ। ਪੁਲਿਸ ਦਾ ਦਬਾਅ ਵੀ ਉਨ੍ਹਾਂ ਤੇ ਹਾਵੀ ਹੋ ਜਾਂਦਾ ਫੜੇ ਜਾਂਦੇ ਨਕਸਲਵਾਦੀ ਨੂੰ ਬਹੁਤ ਕੁੱਟ-ਮਾਰ ਪੈਂਦੀਂ। ਕਈਆਂ ਨੂੰ ਆਪਣੀ ਜ਼ਿੰਦਗੀ ਤੋਂ ਹੱਥ ਧੋਣੇ ਪਏ। ਇਸ਼ਤਿਹਾਰ ਲਗਾਉਣ ਦਾ ਕੰਮ ਵੀ ਉਹ ਕਰਨ ਲੱਗੇ। ਜਦੋਂ ਕੋਈ ਇਸ਼ਤਿਹਾਰ ਦੇਖ ਕੇ ਪੜ੍ਹਦੇ ਤਾਂ ਉਨ੍ਹਾਂ ਨੂੰ ਬਹੁਤ ਖੁਸ਼ੀ ਹੁੰਦੀ ਪਰ ਉਨ੍ਹਾਂ ਦੇ ਘਰ ਦੇ ਮੈਂਬਰ ਬਹੁਤ ਦੁਖੀ ਹੁੰਦੇ। ਨਾਵਲ ਵਿਚ ਅਸੀਂ ਦੇਖ ਸਕਦੇ ਹਾਂ ਕਿ ਉਹ ਆਪਣੇ ਨੈਤਿਕ ਕਦਰਾਂ-ਕੀਮਤਾਂ ਤੋਂ ਖੁੱਸ ਕੇ ਲਹਿਰ ਵਿਚ ਸ਼ਾਮਿਲ ਹੋ ਗਏ। ਲਹਿਰ ਦੀ ਬਦਨਾਮੀ ਕਿੰਨੀ ਹੋ ਰਹੀ ਸੀ। ਜੱਸੀ ਤੋਂ ਉਸ ਦਾ ਤਰਕ ਵੀ ਕੱਟਿਆ ਨਾ ਗਿਆ ਭਾਵੇਂ ਹਜ਼ਮ ਵੀ ਨਹੀਂ ਸੀ ਹੋਇਆ। ਜਦੋਂ ਪਾਰਟੀ ਦਾ ਸੱਦਾ ਆ ਜਾਂਦਾ ਤਾਂ ਉਹ ਪੈਰ 'ਚ ਜੁੱਤੀ ਵੀ ਨਹੀਂ ਸੀ ਪਾਉਂਦਾ ਉਸ ਦਾ ਸਤਹੀ ਮਾਰਕਸਵਾਦ ਗਿਆਨ ਉਸ 'ਚ ਵਾਧੂ ਦੀ ਹਉਮੈਂ ਭਰੀ ਰੱਖਦਾ।

## 3.2 ਸਿਮਟਦਾ ਆਕਾਸ਼ ਨਾਵਲ ਵਿੱਚ ਨਕਸਲੀ ਲਹਿਰ ਤੇ ਮਾਨਵੀ ਰਿਸ਼ਤੇ

---

[39] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 89

ਮਨਵੀ ਰਿਸ਼ਤੇ ਸਮਾਜਿਕ ਪ੍ਰਣਾਲੀ ਦਾ ਅੰਗ ਹਨ ਤੇ ਇਸ ਪ੍ਰਣਾਲੀ ਨੂੰ ਰਿਸ਼ਤਾ-ਨਾਤਾ ਪ੍ਰਣਾਲੀ ਕਿਹਾ ਜਾਂਦਾ ਹੈ। ਹਰ ਸੱਭਿਆਚਾਰ ਦੀ ਆਪਣੀ ਰਿਸ਼ਤਾ-ਨਾਤਾ ਪ੍ਰਣਾਲੀ ਹੁੰਦੀ ਹੈ। ਰਿਸ਼ਤਾ-ਨਾਤਾ ਪ੍ਰਬੰਧ ਸੱਭਿਆਚਾਰ ਦੀ ਸਮੁੱਚੀ ਬਣਤਰ ਦਾ ਮਹੱਤਵਪੂਰਨ ਅੰਗ ਹੈ। ਰਿਸ਼ਤਾ-ਨਾਤਾ ਪ੍ਰਬੰਧ ਮਨੁੱਖ ਦੇ ਸਮਾਜਿਕ ਜੀਵਨ ਦੌਰਾਨ ਵੱਖ-ਵੱਖ ਢੰਗਾਂ ਨਾਲ ਵੱਖ-ਵੱਖ ਪੱਧਰਾਂ 'ਤੇ ਸਿਰਜੇ ਗਏ ਰਿਸ਼ਤਿਆਂ ਦੇ ਅਜਿਹੇ ਨਿਸ਼ਚਿਤ, ਸੰਗਠਿਤ ਅਤੇ ਇਕਸਾਰ ਪੈਟਰਨ ਦਾ ਰੂਪ ਹੈ। ਜਿਸ ਵਿਚਲੇ ਸਾਰੇ ਰਿਸ਼ਤੇ ਇੱਕ ਖ਼ਾਸ ਪ੍ਰਕਾਰ ਦਾ ਸਮਾਜੀ ਮਨੁੱਖੀ ਜੀਵਨ ਵਿਵਹਾਰ ਸਿਰਜਦੇ ਹੋਏ ਅੰਤਿਮ ਰੂਪ ਵਿਚ ਸੱਭਿਆਚਾਰਕ ਕੀਮਤਾਂ ਦਾ ਇੱਕ ਸਮੁੱਚ ਸਿਰਜਦੇ ਹਨ। ਇਹ ਕੀਮਤਾਂ ਉਸ ਰਿਸ਼ਤਾ-ਨਾਤਾ ਪ੍ਰਬੰਧ ਦੇ ਪੈਟਰਨ ਵਿੱਚੋਂ ਮਨੁੱਖੀ ਜੀਵਨ ਜਿਊਣ ਦੇ ਅਜਿਹੇ ਆਚਾਰ-ਵਿਵਹਾਰ, ਪ੍ਰਤਿਮਾਨਾਂ, ਆਦਰਸ਼ਾਂ, ਭਾਵਨਾਵਾਂ ਅਨੁਰੂਪ ਉਤਪੰਨ ਹੁੰਦੀਆਂ ਹਨ। ਜਿਨ੍ਹਾਂ ਨੂੰ ਮਾਨਵ ਸਮੂਹ ਆਪਣੇ ਸੱਭਿਆਚਾਰਕ ਜਗਤ ਵਿਚ ਮੂਲ ਮਾਨਵੀ ਗੁਣਾਂ ਅਨੁਕੂਲ ਸਿਰਜਣ ਲਈ ਕਿਰਿਆਸ਼ੀਲ ਹੁੰਦਾ ਹੈ। ਇਹ ਰਿਸ਼ਤਾ-ਨਾਤਾ ਪ੍ਰਬੰਧ ਆਪਣੇ-ਆਪ ਵਿਚ ਇੱਕ ਅਜਿਹਾ ਪੈਟਰਨ ਬਣ ਜਾਂਦਾ ਹੈ, ਜਿਹੜਾ ਸਮਾਜਿਕ ਪ੍ਰਬੰਧ ਦੇ ਦੂਸਰੇ ਰੂਪਾਂ ਦੇ ਪੈਟਰਨਾਂ ਨੂੰ ਸਿਰਜਣ ਅਤੇ ਪਰਿਵਰਤਿਤ ਕਰਨ ਵਿਚ ਨਿਰਣਾਇਕ ਹਿੱਸਾ ਪਾਉਂਦਾ ਹੈ।

ਦੂਸਰੇ ਸੱਭਿਆਚਾਰਾਂ ਵਾਂਗ ਪੰਜਾਬੀ ਸੱਭਿਆਚਾਰ ਦੀ ਵੀ ਆਪਣੀ ਰਿਸ਼ਤਾ-ਨਾਤਾ ਪ੍ਰਣਾਲੀ ਹੈ। ਇਸ ਦਾ ਮਹੱਤਵਪੂਰਨ ਪਹਿਲੂ ਇਹ ਹੈ ਕਿ ਇਨ੍ਹਾਂ ਵਿਚ ਹਰ ਸਕੇ-ਸਬੰਧੀ ਦਾ ਨਵੇਕਲਾ ਦਰਜਾ, ਪਿਆਰ, ਸਤਿਕਾਰ ਵੱਖ-ਵੱਖ ਰਿਸ਼ਤੇ ਲਈ ਨਿਸ਼ਚਤ ਬੋਧਿਕ ਸ਼ਬਦਾਂ ਤੋਂ ਪ੍ਰਗਟ ਹੁੰਦਾ ਹੈ। ਚਾਚਾ, ਤਾਇਆ, ਮਾਸੜ, ਫੁੱਫੜ, ਨਾਨਾ, ਦਾਦਾ ਆਦਿ ਤਾਂ ਉਸਦੇ ਇਸਤਰੀ ਲਿੰਗ ਰਿਸ਼ਤੇ ਵੱਖ-ਵੱਖ ਦਰਜੇ ਦੀ ਭਾਵੁਕ ਸਾਂਝ ਤੇ ਮਿਲਵਰਤਨਸ਼ੀਲ ਦਾ ਪ੍ਰਤੀਕ ਰਹੇ ਹਨ। ਰਿਸ਼ਤਾ-ਨਾਤਾ ਪ੍ਰਬੰਧ ਦੇ ਸੰਕਲਪ ਦੀ ਵਿਆਖਿਆ ਕਰਦਿਆਂ ਬਹੁਤ ਸਾਰੇ ਮਾਨਵ ਵਿਗਿਆਨੀਆਂ ਨੇ ਇਸ ਨੂੰ ਸਮਾਜਿਕ ਹੋਂਦ ਵਿਚ ਮਨੁੱਖ ਰਾਹੀਂ ਸਿਰਜੇ ਗਏ ਰਿਸ਼ਤਿਆਂ ਨੂੰ ਪ੍ਰਗਟਾਉਣ ਵਾਲੇ ਮੰਨਿਆ ਹੈ। ਇਹ ਰਿਸ਼ਤੇ ਸੱਭਿਆਚਾਰਕ ਅਧਾਰਾਂ ਉੱਪਰ ਬਣਾਏ ਤੇ ਸਵੀਕਾਰ ਕੀਤੇ ਜਾਂਦੇ ਹਨ।

ਬਹੁਤ ਵਾਰੀ ਇਸ ਰਿਸ਼ਤਾ-ਨਾਤਾ ਪ੍ਰਬੰਧ ਨੂੰ ਸਿਰਫ ਅਜਿਹੇ ਰਿਸ਼ਤਿਆਂ ਨੂੰ ਪ੍ਰਗਟਾਉਣ ਦੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਹੈ ਜਿਹੜੇ ਮੂਲ ਰੂਪ ਵਿਚ ਬਰਾਦਰੀ ਅਤੇ ਨਾਤੇਦਾਰੀ ਤੱਕ ਹੀ ਮਹਿਦੂਦ ਹੁੰਦੇ ਹਨ। ਇਸ ਵਿਚ ਸਿਰਫ ਨਿਕਟਵਰਤੀ ਸਬੰਧੀ ਹੀ ਰੱਖੇ ਜਾਂਦੇ ਹਨ ਅਤੇ ਉਹ ਵੀ ਗੋਤਰ, ਜਾਤੀ ਅਤੇ ਖ਼ੂਨ ਦੀ ਸਾਂਝ ਵਾਲੇ। ਰਿਸ਼ਤੇ ਉਹ ਕੋਮਲ ਤੰਦਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਪਾਲਣ ਲਈ ਪਿਆਰ ਅਤੇ ਮੇਲ-ਮਿਲਾਪ ਦੀ ਬਹੁਤ ਲੋੜ ਹੁੰਦੀ ਹੈ। ਕੋਈ ਛੋਟੀ ਜਿਹੀ ਗਲਤਫਹਿਮੀ ਵੀ ਇਨ੍ਹਾਂ ਰਿਸ਼ਤਿਆਂ ਨੂੰ ਖਤਮ ਕਰ ਦਿੰਦੀ ਹੈ।

'ਸਿਮਟਦਾ ਆਕਾਸ਼' ਨਾਵਲ ਵਿਚ ਮਾਨਵੀ ਰਿਸ਼ਤਿਆ ਦੀ ਚਰਚਾ ਕੀਤੀ ਗਈ ਹੈ ਕਿ ਨਾਵਲ ਵਿਚ ਜੱਸੀ ਤੇ ਮਨਜੀਤ ਦੇ ਰਿਸ਼ਤਿਆਂ ਵਿਚ ਦਰਾੜ ਪੈ ਜਾਂਦੀ ਹੈ। ਮਨਜੀਤ ਆਪਣਾ ਪੂਰਾ ਰੌਹਬ ਘਰ ਦੇ ਮੈਬਰਾਂ 'ਤੇ ਪਾ ਕੇ ਰੱਖਦੀ ਹੈ ਤੇ ਇਸ ਕਰਕੇ ਉਨ੍ਹਾਂ ਦੇ ਘਰ ਹਮੇਸ਼ਾ ਕਲੇਸ਼ ਰਹਿੰਦਾ ਹੈ। ਮਨਜੀਤ ਤੋਂ ਸਾਰੇ ਡਰ ਕੇ ਰਹਿੰਦੇ ਹਨ। ਜਦੋਂ ਮਨਜੀਤ ਆਪਣੇ ਬੱਚਿਆ ਨੂੰ ਡਾਂਟਦੀ ਹੈ ਤਾਂ ਜੱਸੀ ਬਿਲਕੁਲ ਚੁੱਪ ਰਹਿੰਦਾ ਹੈ ਕਿਉਂਕਿ ਮਨਜੀਤ ਨੇ ਉਸਨੂੰ ਪਹਿਲਾ ਹੀ ਕਿਹਾ ਹੋਇਆ ਸੀ ਕਿ ਜਦੋਂ ਮੈਂ ਬੋਲਾਂਗੀ ਤੇ ਤੁਸੀ ਵਿਚ ਕੁਝ ਨਹੀਂ ਬੋਲੋਗੇ। ਇਸੇ ਰੁੱਖੇ ਸੁਭਾਅ ਕਾਰਨ ਜੱਸੀ ਦੀ ਮਾਂ ਓਪਣੇ ਵੱਡੇ ਮੁੰਡੇ ਕੋਲ ਚਲੀ ਗਈ। ਉਸ ਨੂੰ ਚੁੱਪੀ ਵਾਲ ਮਾਹੌਲ ਬਿਲਕੁਲ ਪਸੰਦ ਨਹੀਂ ਸੀ ਤੇ ਨਾ ਹੀ ਮਨਜੀਤ ਦਾ ਸੁਭਾਅ ਉਸਨੂੰ ਭਾਉਂਦਾ ਸੀ। ਜਿਸ ਤਰ੍ਹਾਂ ਨਾਵਲ ਵਿਚ ਅਸੀਂ ਦੇਖ ਸਕਦੇ ਹਾਂ:-

ਰਿਸ਼ਤਿਆਂ 'ਚ ਮਨ-ਮੁਟਾਵ:**-**

ਨਕਸਲੀ ਲਹਿਰ 'ਚ ਸ਼ਾਮਿਲ ਜਸਪਾਲ ਦੇ ਘਰ ਦੇ ਮੈਂਬਰਾਂ 'ਚ ਕੜਵਾਹਟ ਆ ਗਈ।ਜਸਪਾਲ ਹੋਣੀ ਤਿੰਨ ਭਰਾ ਸਨ।ਜਸਪਾਲ ਦੀ ਮਾਂ ਪਹਿਲਾ ਜਸਪਾਲ ਹੋਣਾ 'ਚ ਰਹਿੰਦੀ ਸੀ। ਬਾਅਦ ਵਿਚ ਉਹ ਵੱਡੇ ਕੋਲ ਚਲੀ ਗਈ ਕਿਉਂਕਿ ਉਸ ਦਾ ਜੱਸੀ ਘਰ ਦਿਲ ਨਾ ਲੱਗਾ। ਰਿਸ਼ਤੇਦਾਰੀ 'ਚ ਕੜਵਾਹਟ ਕਾਰਨ ਕਈ ਰਿਸ਼ਤੇ ਤੇ ਇੱਕ ਅਨੁਸ਼ਾਸਨ ਕਾਰਨ ਵੀ ਰਿਸ਼ਤੇ ਬਦਲ ਰਹੇ ਸੀ।ਜਿਸ ਤਰਾਂ ਨਾਵਲ ਵਿਚ:**-**

" ਜੱਸੀ ਦੇ ਘਰ ਚੁੱਪ ਦਾ ਰਾਜ ਸੀ। ਸਕੂਲੋਂ ਆ ਕੇ ਬੱਚੇ ਹੋਮ-ਵਰਕ ਕਰਨ ਲੱਗ ਪੈਂਦੇ, ਉਨ੍ਹਾਂ ਲਈ ਟਾਈਮ ਟੇਬਲ ਬਣਿਆ ਹੋਇਆ ਸੀ। ਇੰਨੇ ਵਜੇ ਸਵੇਰੇ ਉੱਠਣਾ ਤੇ ਤਿਆਰ ਹੋਣਾ। ਮਨਜੀਤ ਰੋਟੀ ਪਾਣੀ 'ਚ ਰੁੱਝ ਜਾਂਦੀ ।ਜੱਸੀ ਤਿਆਰ ਹੋ ਕੇ ਸਕੂਲ ਪਹਿਲਾ ਨਿਕਲ ਜਾਂਦਾ ਸੀ। ਮਨਜੀਤ ਦਾ ਸਖ਼ਤ ਅਨੁਸ਼ਾਸਨ ਘਰ 'ਚ ਹਰ ਵੇਲੇ ਦਹਿਸ਼ਤ ਜਿਹੀ ਦਾ ਮਾਹੌਲ ਬਣਾਈ ਰੱਖਦਾ। ਪਹਿਲਾ ਪਹਿਲਾ ਕਰਤਾਰ ਕੌਰ ਇਸ ਅਣਦਿਖੇ ਅਨੁਸ਼ਾਸਨ ਤੋਂ ਕੁੱਝ ਬਾਹਰ ਸੀ ਜਾਂ ਉਸ ਨੂੰ ਸਮਝ ਨਹੀਂ ਸੀ। ਜਿਉਂ ਜਿਉਂ ਬੱਚੇ ਉਡਾਰ ਮਾਰਨ ਲੱਗੇ, ਸਕੂਲ ਜਾਣ ਲੱਗੇ, ਅਨ ਲਿਖਿਆ ਅਨੁਸ਼ਾਸਨ ਕਰਤਾਰ ਕੌਰ 'ਤੇ ਹਾਵੀ ਹੋਣ ਲੱਗ ਪਿਆ ਸੀ। ਉਸ ਨੇ ਰਿਸ਼ਤੇਦਾਰਾਂ ਨੂੰ ਵੀ ਕਹਿ ਦਿੱਤਾ ਕਿ ਮਿਲਣ ਲਈ ਆਓ, ਘੰਟਾ, ਦੋ ਘੰਟਿਆਂ ਲਈ ਬੈਠੋ,ਚਾਹ ਪਾਣੀ ਪੀਓ ਤੇ ਜਾਓ ਤਾਂ ਕਿ ਬੱਚਿਆ ਦੇ ਟਿਊਸ਼ਨਾਂ 'ਚ ਕੋਈ ਖ਼ਲਲ ਨਾ ਪਵੇ।"[40]

ਮਨਜੀਤ ਆਪਣੇ ਬੱਚਿਆਂ ਪ੍ਰਤੀ ਬਹੁਤ ਅਨੁਸ਼ਾਸਨ-**ਪ੍ਰ**ਸਤੀ ਸੀ। ਉਸ ਦੀ ਮਾਨਸਿਕਤਾ ਇਸ ਤਰ੍ਹਾਂ ਦੀ ਬਣ ਚੁੱਕੀ ਸੀ ਕਿ ਉਹ ਆਪਣੇ ਬੱਚਿਆਂ ਨੂੰ ਦਬਾਅ ਕੇ ਰੱਖਦੀ ਸੀ। ਉਹ ਕਹਿੰਦੀ ਸੀ ਕਿ ਜੇਕਰ ਇਹ ਪੜ੍ਹਨ ਨਾ ਤਾਂ ਇਨ੍ਹਾਂ ਨੂੰ ਨੌਕਰੀ ਕੌਣ ਦਏਗਾ ਕੋਈ ਸਕੂਲ ਇਨ੍ਹਾਂ ਨੂੰ ਮੈਡੀਕਲ ਜਾਂ ਇੰਜੀਨੀਅਰਿੰਗ 'ਚ ਦਾਖਲਾ ਨਹੀਂ ਮਿਲੇਗਾ। ਜੇਕਰ ਹੁਣ ਨਾ ਪੜ੍ਹਨ ਦੀ ਰੁਟੀਨ ਬਣੀ ਤਾਂ ਫਿਰ ਕਦੋਂ ਬਣੇਗੀ। ਉਹ ਬੱਚਿਆਂ ਤੇ ਆਪਣੇ ਗੁੱਸੇ ਨੂੰ ਥੋਪ ਰਹੀ ਸੀ ਜਾਂ ਆਪਣੇ ਸੁਪਨਿਆਂ ਨੂੰ ਹਾਵੀਂ ਕਰ ਰਹੀ ਸੀ। ਜਸਪਾਲ ਉਸ ਨੂੰ ਬਹੁਤ ਟੋਕਦਾ ਹੁੰਦਾ ਸੀ ਪਰ ਉਹ ਉਸ ਨਾਲ ਵੀ ਲੜਨ ਲੱਗ ਪੈਂਦੀ ਸੀ। ਬੱਚਿਆਂ ਨੂੰ ਆਪਣੀ ਮਰਜ਼ੀ ਦਾ ਜਿਊਣ ਲੈਣ ਦੇ ਤਾਂ ਹੀ ਉਹ ਆਪਣੀ ਜ਼ਿੰਦਗੀ ਨੂੰ ਖੁੱਲ ਕੇ ਮਾਣ ਸਕਣਗੇ ਪਰ ਉਹ ਕਿਸੇ ਦੀ ਨਾ ਸੁਣਦੀ। ਇਸ ਤੋਂ ਇਲਾਵਾ ਉਨ੍ਹਾਂ ਦੇ ਭਰਾਵਾਂ 'ਚ ਮਨ ਮੁਟਾਈ ਕਾਰਨ ਬੋਲਚਾਲ ਘੱਟ ਗਈ ਸੀ। ਭਰਾਵਾਂ ਨੇ ਉਸ ਦਾ ਸਾਥ ਛੱਡ ਦਿੱਤਾ। ਉਹ ਭਰਾ ਜਿਨ੍ਹਾਂ ਕਦੀ ਜੱਸੀ ਦੀ ਗੱਲ ਨਹੀਂ ਸੀ ਮੋੜੀ। ਅੱਜ ਉਹ ਉਸ ਦੇ ਸਾਥ ਛੱਡ ਗਏ। ਅਸਲ ਵਿਚ ਮਨਜੀਤ ਸਭ 'ਤੇ

[40] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 107

ਆਪਣੀ ਮਰਜ਼ੀ ਥੋਪਦੀ। ਉਹ ਚਾਹੁੰ**ਦੀ** ਸੀ ਕਿ ਉਸ ਨੇ ਆਪਣੇ ਜੇਠ ਦੀ ਵੀ ਘਰ ਆਏ ਦੀ ਇੱਜ਼ਤ ਨਾ ਰੱਖੀ।ਜਦੋਂ ਹਰਮਨ ਨੇ ਇੰਜੀਨੀਅਰਿੰਗ ਦੇ ਦਾਖਲਾ ਕੰਪੀਟੀਸ਼ਨਾਂ ਦੇ ਕਈ ਟੈੱਸਟ ਭਰੇ ਪਰ ਉਸ ਦਾ ਕਿਸੇ ਟੈੱਸਟਾਂ ਵਿਚੋਂ ਰੈਂਕ ਆਇਆ ਤੇ ਨਾ ਹੀ ਪੰਜਾਬ ਵਿਚ। ਉਸ ਦਾ ਰੈਂਕ ਇੰਨਾ ਪਿੱਛੇ ਸੀ ਕਿ ਉਸ ਨੂੰ ਕਿਸੇ ਕਾਲਜ ਵਿਚ ਦਾਖਲਾ ਨਾ ਮਿਲਿਆ।ਤੇ ਮਨਜੀਤ ਨੇ ਕਿਹਾ ਕਿ ਪਤਾ ਨਹੀਂ ਕਿੱਥੇ ਮੇਰੀ ਪਰਵਰਿਸ਼ 'ਚ ਘਾਟ ਰਹਿ ਗਈ।ਤਾਂ ਹਰਮਨ ਕਹਿੰਦੀ ਮੈ ਘਰੋਂ ਚਲੀ ਜਾਂਦੀ ਹਾਂ।ਤਾਂ ਅੱਗੋਂ ਮਨਜੀਤ ਕਹਿੰਦੀ ਹੈ:-

"ਇਹੀ ਗੱਲ ਰਹਿ ਗਈ ਸੀ, ਇਹ ਵੀ ਪੂਰੀ ਕਰ ਲੈ ਹੁਣ...ਕਲਮੂੰਹੀਂ..."ਉਹ ਹਰਮਨ ਦੀ ਮਾਨਸਿਕਤਾ ਸਮਝੇ ਬਿਨਾਂ ਕਿ ਉਸ ਨੂੰ ਵੀ ਇਸ ਵੇਲੇ ਮਾਨਸਿਕ ਸਹਾਰੇ ਦੀ ਬਹੁਤ ਲੋੜ ਹੈ, ਸਗੋਂ ਹੋਰ ਚਿੜ ਕੇ ਬੋਲੀ, ਉਦੋਂ ਮੈਂ ਕਹਿੰਦੀ ਰਹੀ, ਇਹ ਗਿੱਧੇ ਨੂੰ ਛੱਡ ਦੇ...ਇਹ ਨੀ ਪੜ੍ਹਾਈ 'ਚ ਕਿਤੇ ਕੰਮ ਆਉਣਾ, ਪਰ ਮਜਾਲ ਐ ਮੇਰੀ ਗੱਲ 'ਤੇ ਕੰਨ ਧਰਿਆ ਹੋਵੇ...ਹੁਣ ਰੋਵੀਂ ਸਾਰੀ ਉਮਰ ਜਣਦਿਆਂ ਨੂੰ!"[41]

ਮਨਜੀਤ ਆਪਣੀ ਗ਼ਲਤੀ ਨਾ ਮੰਨਦੀ ਉਸ ਨੂੰ ਬੱਸ ਨੰਬਰਾਂ ਦੀ ਹੀ ਰਹਿੰਦੀ ਹੈ ਕਿ ਹਰਮਨ ਦੇ ਨੰਬਰ ਘੱਟ ਕਿਉਂ ਆਏ ਹਨ ਉਹ ਹਮੇਸ਼ਾ ਆਪਣੇ ਬੱਚਿਆ ਨੂੰ ਨੰਬਰ ਜ਼ਿਆਦਾ ਲਿਆਉਣ ਲਈ ਉਤਸ਼ਾਹ ਕਰਦੀ ਰਹਿੰਦੀ।ਕਿ ਉਨ੍ਹਾਂ ਦੇ ਨੰਬਰ ਹਮੇਸ਼ਾ ਜ਼ਿਆਦਾ ਹੀ ਆਉਣ।ਹਰਮਨ ਮਾਨਸਿਕ ਪੱਖੋਂ ਬਹੁਤ ਦੁਖੀ ਸੀ।ਉਹ ਚਾਹੁੰਦੀ ਸੀ ਕਿ ਉਹ ਕਿਤਾਬਾਂ ਦੀਆਂ ਹੀ ਗੱਲਾਂ ਕਰੇ ਪੜ੍ਹਾਈ ਦੀਆਂ ਹੀ ਗੱਲਾ ਕਰੇ ਉਹ ਕਲਾਸ ਵਿਚੋਂ ਫ਼ਸਟ ਆਵੇ।ਕਈ ਵਾਰ ਉਸ ਦੀ ਗੈਰਹਾਜ਼ਰੀ 'ਚ ਮਨਜੀਤ ਕਿਤਾਬਾਂ, ਕਾਪੀਆਂ ਦਾ ਕੱਲਾ ਕੱਲਾ ਵਰਕਾ ਫੋਲਦੀ।ਤਾਂ ਕਿ ਉਸ ਵਿਚ ਕੋਈ ਸੰਕੇਤ ਤਾਂ ਨਹੀਂ।ਉਸ ਨੂੰ ਹਰਮਨ 'ਤੇ ਸ਼ੱਕ ਵੀ ਹੁੰਦਾ ਸੀ। ਉਸ ਨੂੰ ਇੰਝ ਜਾਪਦਾ ਸੀ ਕਿ ਕਿਧਰੇ ਨਕਸਲਵਾਦ ਦੇ ਘੇਰੇ ਵਿਚ ਆ ਕੇ ਘਰ ਭੁੱਲ ਰਿਹਾ ਹੈ। ਸੰਪੂਰਨ ਨਾਵਲ ਦੇ ਕਥਾਨਕ ਵਿਚੋਂ ਨਕਸਲਵਾਦ ਦੇ ਦੂਸ਼ਿਤ ਪ੍ਰਭਾਵ ਮਾਨਵੀ ਰਿਸ਼ਤਿਆ ਵਿੱਚੋਂ ਝਲਕਦੇ ਹਨ।ਨਿਰਸੰਦੇਹ ਕੋਈ ਵੀ ਲਹਿਰ ਇੱਕਲੀ ਨਹੀਂ ਆਉਂਦੀ

[41] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 144

ਉਸ ਨਾਲ ਅਨੇਕਾਂ ਪ੍ਰਭਾਵ ਵੀ ਨਾਲ ਹੀ ਆਉਂਦੇ ਹਨ।

# ਅਧਿਆਇ ਚੌਥਾ: ਸਿਮਟਦਾ ਆਕਾਸ਼ 'ਤੇ ਅਧਾਰਿਤ ਪੰਜਾਬ ਵਿਚ ਨਕਸਲੀ ਲਹਿਰ ਦੇ ਪ੍ਰਭਾਵ ਅਤੇ ਸਮਕਾਲੀ ਸਥਿਤੀ

## 4.1 **ਸਿਮਟਦਾ ਆਕਾਸ਼ ਨਾਵਲ ਵਿੱਚ** ਨਕਸਲਵਾਦ ਦਾ ਪੰਜਾਬ ਉੱਤੇ ਪ੍ਰਭਾਵ

ਕੋਈ ਵੀ ਇਨਕਲਾਬੀ ਲਹਿਰ ਜਾਂ ਸੰਘਰਸ਼ ਇਕੱਲਾ ਨਹੀਂ ਆਉਂਦਾ ਹੈ ਉਸ ਨਾਲ ਹਮੇਸ਼ਾ ਚੰਗੇ ਮਾੜ੍ਹੇ ਪ੍ਰਭਾਵ ਵੀ ਹੜ੍ਹ ਦੇ ਪਾਣੀ ਵਾਂਗ ਵਹਿ ਆਉਂਦੇ ਹਨ। ਨਕਸਲਵਾਦ ਲਹਿਰ ਦੇ ਕਾਰਨ ਲੋਕਾਂ ਨੂੰ ਆਪਣੇ ਹੱਕ ਮਿਲਣ ਲੱਗੇ ਪਰ ਇਸ ਲਹਿਰ ਕਾਰਨ ਲੋਕਾਂ ਨੂੰ ਆਪਣੀਆਂ ਜਾਨਾਂ ਗਵਾਉਣੀਆਂ ਪਈਆਂ। ਖ਼ਾਸ ਤੌਰ 'ਤੇ ਨੌਜੁਆਨਾਂ ਨੂੰ।

ਇਸ ਦੇ ਨਾਲ ਹੀ ਨਕਸਲਵਾਦੀ ਲਹਿਰ ਨੇ ਪੰਜਾਬੀ ਸਮਾਜ ਵਿਚ ਇਕ ਅਜਿਹਾ ਮਾਨਵੀ ਸੰਤਾਪ ਸਿਰਜਿਆ ਜਿਸ ਦੀ ਪੀੜ੍ਹ ਹਾਲੇ ਵੀ ਹੈ। ਮਾਨਵੀ ਰਿਸ਼ਤਿਆ ਦੀਆਂ ਤ੍ਰੇੜਾਂ ਇਸ ਦਾ ਇਕ ਹੋਰ ਅੰਜ਼ਾਮ ਸੀ। **ਬਲਬੀਰ ਪਰਵਾਨਾ ਨੇ ਇਸ ਚੇਤਨਾ ਨੂੰ ਕਲਮਾਈ ਢੰਗ ਨਾਲ ਨਾਵਲ ਵਿਚ ਰੂਪਮਾਨ ਕੀਤਾ ਹੈ। ਨਾਵਲੀ ਬਿਰਤਾਂਤ ਅਨੁਸਾਰ** ਪੰਜਾਬ 'ਚ ਨਕਸਲੀ ਲਹਿਰ ਸੁਲਗ**ਣੀ** ਸ਼ੁਰੂ ਹੋਈ, ਤਾਂ ਜੜੌਰ ਉਸ 'ਚ ਸ਼ਾਮਲ ਹੋ ਗਿਆ ਸੀ। ਤਹਿਸੀਲ ਦਸੂਹਾ 'ਚ ਉਸ ਨੇ ਪਾਰਟੀ ਦੇ ਲਗਭਗ ਸਾਰੇ ਨੌਜਵਾਨ ਕਾਡਰ ਤੱਕ ਪਹੁੰਚ ਕੀਤੀ ਤੇ ਬਹੁਤੇ ਤਾਂ ਨਹੀਂ, ਪਰ ਇੱਕ ਧੜਾ ਜ਼ਰੂਰ ਆਪਣੇ ਨਾਲ ਜੋੜਨ 'ਚ ਸਫਲ ਹੋ ਗਿਆ ਸੀ। **ਪਾਤਰ** ਜੜੌਰ ਦੇ ਫੜੇ ਜਾਣ ਤੋਂ ਬਾਅਦ ਜਥੇਬੰਦੀ ਦਾ ਤਾਣਾ ਬਾਣਾ **ਖਿਲਰ ਗਿਆ। ਉਸਨੇ ਜਥੇਬੰਦੀ** ਉਸਾਰਨ 'ਚ ਮੁੱਖ ਭੂਮਿਕਾ ਨਿਭਾਈ

ਸੀ। ਇਲਾਕੇ 'ਚ ਸੁਲਗਦੀਆਂ ਨਕਸਲੀ ਸਰਗਰਮੀਆਂ ਦਾ ਜਿਵੇਂ ਭੜਕਾ ਪੈ ਗਿਆ। ਨਕਸਲੀ ਲਹਿਰ ਵਿਚ ਸ਼ਾਮਿਲ ਗੁਰੀਲਾ ਸੁਕੈਡ ਨੇ ਹਰਜਾਪ ਸਿੰਘ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਐਕਸ਼ਨ ਕਰਨ ਵਾਲੇ ਵਿਅਕਤੀ ਇਲਾਕੇ ਤੋਂ ਬਾਹਰੋਂ ਸਨ ਜਿਨ੍ਹਾਂ ਦਾ ਕਮਾਂਡਰ ਮਹਿੰਦਰ ਮਲਵਈ ਸੀ। **ਬਾਕੀਆਂ ਬਾਰੇ ਕਿਸੇ ਨੂੰ ਮਾਰਨ ਤੋਂ ਬਾਅਦ ਉੱਥੇ ਸੂਕੇਡ ਨੇ ਨਾਅਰੇ ਲਾਏ**:-

**"ਨਕਸਲਬਾੜੀ ਜ਼ਿੰਦਾਬਾਦ**

ਜ਼ਮੀਨ ਹਲਵਾਹਕ ਦੀ

ਜਗੀਰਦਾਰ ਸ਼ਾਹੂਕਾਰ, ਮੁਰਦਾਬਾਦ

ਨਕਸਲਬਾੜੀ ਦਾ ਰਾਹ, ਸਾਡਾ ਰਾਹ।"[42]

ਨਕਸਲਵਾਦੀ ਲਹਿਰ ਨੇ ਪੰਜਾਬ ਦੇ ਲੋਕਾਂ ਨੂੰ ਇਕ ਸੰਤਾਪ ਵਿਚ ਧੱਕ ਦਿੱਤਾ। ਦਸ਼ਿਤ ਦਾ ਮਾਹੌਲ ਚੁਫੇਰੇ ਖਿੱ**ਲਰ** ਗਿਆ। ਜਿਵੇਂ ਨਾਵਲ ਦੀਆਂ ਕੁਝ ਸਤਰਾਂ ਵਿਚ ਜ਼ਿਕਰ ਹੈ**:-**

"ਦਹਿਸ਼ਤ ਹੇਠ ਸਹਿਮਿਆ ਪੰਜਾਬ ਉੱਭਰਨਾ ਸ਼ੁਰੂ ਹੋਇਆ।ਪੁਲਿਸ ਅਤੇ ਰਾਜਨੀਤਿਕ ਸਰਪ੍ਰਸਤੀ ਹੇਠ ਸਭਿਆਚਾਰਕ ਮੇਲੇ ਲੱਗਣ ਲੱਗੇ।ਘਰਾਂ ਦਫ਼ਤਰਾਂ ਦੇ ਘੇਰੇ 'ਚ ਸਿਮਟੇ-ਸਹਿਮੇ ਲੋਕ ਬਾਹਰ ਆਉਣ ਲੱਗੇ।ਖ਼ਾਲਿਸਤਾਨ ਲਹਿਰ ਦੇ ਨਾਂ 'ਤੇ ਹੁੰਦੀਆਂ ਲੁੱਟਾਂ-ਖੋਹਾਂ ਤੇ ਧੜੇਬੰਦ ਕਤਲਾਂ, ਜਾਇਦਾਦ ਤੇ ਨਿੱਜੀ ਝਗੜਿਆ 'ਚ ਕਿਸੇ ਇੱਕ ਦੂਸਰੇ ਗਰੁੱਪ ਨੂੰ ਵਰਤਣ ਦੀਆਂ ਵਾਰਦਾਤਾਂ ਅਤੇ ਆਪਣੀਆਂ ਠਾਹਰਾਂ 'ਤੇ ਹੀ ਕੁੜੀਆਂ ਨਾਲ ਬਲਾਤਕਾਰ ਘਟਨਾਵਾਂ ਨੇ ਵੀ ਅੱਤਵਾਦ ਦੇ ਨਿਵਾਣ ਵੱਲ ਵਧਣ 'ਚ ਭੂਮਿਕਾ ਨਿਭਾਈ।"[43]

---

[42] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 12

[43] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 116

ਲੋਕਾਂ ਵਿਚ ਇੱਕ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਸੀ।ਲੋਕ ਡਰੇ ਤੇ ਸਹਿਮੇ ਹੋਏ ਰਹਿਣ ਲੱਗੇ।ਅੱਤਵਾਦ ਨੇ ਸਾਰੇ ਸਮਾਜ ਵਿਚ ਤਬਾਹੀ ਮਚਾ ਦਿੱਤੀ।ਔਰਤਾਂ ਨਾਲ ਜਬਰ -ਜਨਾਹ ਹੋਣ ਲੱਗੇ।ਜਿੱਥੇ ਲਹਿਰ ਨੇ ਕੁੱਝ ਸੰਵਾਰਿਆ ਸੀ।ਉੱਥੇ ਹੀ ਉਸ ਨੇ ਸਮਾਜ ਦਾ ਵਿਗਾੜਿਆ ਸੀ।ਇੱਥੇ ਲੋਕਾਂ ਦੀਆਂ ਕਦਰਾਂ-ਕੀਮਤਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ ਹਾਂ। ਅੱਤਵਾਦ ਇਹ ਨਹੀਂ ਦੇਖਦਾ ਕਿ ਕੀ ਸਹੀ ਹੈ ਤੇ ਕੀ ਗ਼ਲਤ।ਇਸ ਤੋਂ ਇਲਾਵਾ ਅਸੀਂ ਦੇਖ ਸਕਦੇ ਹਾਂ ਕਿ ਲੋਕਾਂ ਨੂੰ ਬਹੁਤ ਕੁੱਝ ਸਹਿਣਾ ਪਿਆ ਇਸ ਦਾ ਹਵਾਲਾ ਨਾਵਲ ਵਿਚੋਂ ਮਿਲਦਾ ਹੈ। ਰਾਜਵੰਤ ਨੇ ਮੀਟਿੰਗ ਦੀ ਸਮਾਪਤੀ ਤੇ ਲੰਮਾ ਚੌੜਾ ਭਾਸ਼ਣ ਕੀਤਾ ਜਿਵੇਂ:-

"ਸਾਥੀਓ, ਹਾਲਾਤ ਬਹੁਤ ਅਣਕਿਆਸਿਆ ਕਰਵੱਟ ਲੈ ਸਕਦੇ ਹਨ।ਅੱਤਵਾਦ ਦੀ ਹਨੇਰੀ ਆਪਣੀ ਸਿਖਰ ਹੰਢਾ ਕੇ, ਮੱਧਮ ਪੈਣੀ ਸ਼ੁਰੂ ਹੋ ਚੁੱਕੀ ਹੈ।ਸੱਤਾ ਦੇ ਵਿਰੋਧ ਦਾ, ਇਸ ਨਾਲ ਇੱਕ ਖਲਾਅ ਪੈਦਾ ਹੋ ਰਿਹਾ ਹੈ, ਜਿਸ ਦਾ ਖੱਪਾ ਜੇ ਅਸੀਂ ਪੂਰ ਲੈਂਦੇ ਹਾਂ ਤਾਂ ਇੱਕ ਵਾਰ ਮੁੜ ਪੰਜਾਬ 'ਚ ਮੁਜ਼ਾਰਾ ਲਹਿਰ ਵੇਲੇ ਦਾ ਉਭਾਰ ਬਣ ਸਕਦਾ।ਬੱਸ ਪੂਰੇ ਤਾਣ ਨਾਲ ਜੁੱਟ ਜਾਣ ਦੀ ਲੋੜ ਹੈ। ਲੋਕਾਂ ਨੂੰ ਇਸ ਗੱਲ ਦੀ ਸੋਝੀ ਕਰਵਾਉਣ ਦੀ ਕਿ ਅੱਤਵਾਦ ਇਸ ਲਈ ਆਪਣੀ ਮੌਤੇ ਮਰ ਰਿਹਾ ਹੈ।"[44]

ਇਹ ਭਾਸ਼ਣ ਪ੍ਰਤੀਕ ਦੇ ਰੂਪ ਵਿਚ ਇੱਥੇ ਦਰਜ਼ ਹੋ ਰਿਹਾ ਹੈ। ਇਸ ਗੱਲ ਦੀ ਜਾਗ੍ਰਿਤੀ ਭਰਦਾ ਕਿ ਹਰ ਲਹਿਰ ਕੁੱਝ ਸਮੇਂ ਬਾਅਦ ਮੱਧਮ ਪੈ ਜਾਂਦੀ ਹੈ। ਸਿਰਫ਼ ਅੰਨ੍ਹੇ ਵਿਰੋਧ ਨਾਲ ਕੋਈ ਚਿਰੰਜੀਵੀ ਨਹੀਂ ਹੋ ਸਕਦੀ। ਅਜਿਹੇ ਅੰਨ੍ਹੇ ਵਿਰੋਧ ਪਹਿਲਾ ਵੀ ਕਈ ਵਾਰ ਹੁੰਦੇ ਰਹੇ ਹਨ। ਜਿਨ੍ਹਾਂ ਨੇ ਕਈ ਵਾਰ ਤਾਂ ਸੱਤਾ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਸੀ।ਇਸ ਦਾ ਇੱਕ ਕਾਰਨ ਸੱਤਾ ਦੀਆਂ ਅੰਦਰਲੀਆਂ ਧਿਰਾਂ ਦੀ ਆਪਸੀ ਖਹਿਬਾਜ਼ੀ ਵੀ ਹੁੰਦੀ ਹੈ ਕਿਉਂਕਿ ਅੰਨ੍ਹੇ ਬੋਲ ਵਿਰੋਧ ਨੂੰ ਉਹ ਆਪਣੇ ਸੈਟਲ ਲਈ ਵਰਤਦੀਆਂ ਹਨ।ਇਸ ਤੋਂ ਇਲਾਵਾ ਨਕਸਲੀ ਲਹਿਰ ਦੇ ਆਗੂਆਂ ਨੇ ਰੋਡ ਜਾਮ ਕਰ ਦਿੱਤੇ ਗਏ।ਜੇਕਰ ਮਜ਼ਦੂਰ, ਵਿਦਿਆਰਥੀ, ਨੌਜੁਆਨ, ਮੁਲਾਜ਼ਮ ਫਰੰਟ

[44] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 116

ਜਥੇਬੰਦੀਆਂ ਨੂੰ ਅੱਗ ਵਿਚ ਝੋਕ ਦਿੱਤਾ। ਜਸਪਾਲ ਕਹਿੰਦਾ ਕਿ ਟੀਚਰਾਂ 'ਚੋਂ ਤਾਂ ਮਸੀਂ ਇਹ ਠੱਪਾ ਲਾਹੁਣ 'ਚ ਕੁੱਝ ਹੱਦ ਤੱਕ ਕਾਮਯਾਬ ਹੋਏ ਹਾਂ ਪਰ ਜਥੇਬੰਦੀਆਂ ਦਾ ਇਸ ਨਾਲ ਕੋਈ ਸੰਬੰਧ ਨਹੀਂ। ਉਹ ਅਕਸਰ 'ਐਕਸ਼ਨਾ 'ਸੁਕੈਡਾ ਵਰਗੇ ਲਫ਼ਜ਼ਾਂ ਤੋਂ ਹੇਠਾਂ ਨਹੀਂ ਸੀ ਆਉਂਦਾ ਹੁੰਦਾ।ਜਿਵੇਂ ਨਾਵਲ ਵਿਚ:-

" ਉਸ ਜਥੇਬੰਦੀ ਦਾ ਕੀ ਕਰਾਂਗੇ, ਜਿਹੜੀ ਸਾਡੇ ਰਾਜਨੀਤਕ ਆਸ਼ਿਆਂ ਨੂੰ ਨਾ ਪੂਰਾ ਕਰ ਰਹੀ ਹੋਵੇ ਜਾਂ ਉਸ ਦੀ ਸੇਧ ਉੱਧਰ ਨੂੰ ਸੇਧਿਆ ਨਾ ਹੋਵੇ।ਸਿਰਫ਼ ਤਨਖ਼ਾਹਾਂ ਵਧਾਉਣ ਦੀਆਂ ਮੰਗਾਂ ਹੀ ਸਾਡਾ ਨਿਸ਼ਾਨਾ ਨਹੀਂ...ਸਿਸਟਮ ਨੂੰ ਅਕਸਪੋਜ਼ ਕਰਨਾ ਤੇ ਖ਼ਿਲਾਫ਼ ਵਿਸ਼ਾਲ ਰਾਜਨੀਤਕ ਲਹਿਰ ਉਸਾਰਨੀ ਹੀ ਸਾਡਾ ਅੰਤਿਮ ਟੀਚਾ ਹੈ..." ਸੂਬਾ ਕਮੇਟੀ ਦੀ ਮੀਟਿੰਗ 'ਚ ਜਿਵੇਂ ਮੁੱਦਿਆਂ ਬਾਰੇ ਚਰਚਾ, ਪੈਦਾ ਹੋ ਰਹੇ ਰਾਜਨੀਤਿਕ ਖ਼ਲਾਅ ਤੇ ਇਸ ਨੂੰ ਇਨਕਲਾਬੀ ਚੇਤਨਾ ਨਾਲ ਭਰਨ ਦੀਆਂ ਵਿਚਾਰਾਂ ਹੋਈਆਂ ਸਨ, ਉਨ੍ਹਾਂ ਤੋਂ ਲੱਗਦਾ ਸੀ ਕਿ ਛੇਤੀ ਹੀ ਇੱਕ ਵਾਰ ਮੁੜ ਸੱਤਰ ਵਾਲਾ ਉਭਾਰ ਬਣ ਜਾਵੇਗਾ।ਪਰ ਇੱਥੇ ਮੀਟਿੰਗ 'ਚ ਉਸ ਨੂੰ ਕੋਈ ਹੋਰ ਹੀ ਅਕਸ ਪ੍ਰਤੀਬਿੰਬਤ ਹੁੰਦਾ ਲੱਗਿਆ।"[45]

ਲੇਖਕ ਨੇ ਨਕਸਲਵਾਦੀ ਲਹਿਰ ਨੂੰ ਜਾਗਰੂਕਤਾ ਨਾਲ ਵੀ ਜੋੜਿਆ ਹੈ। ਨਾਵਲ ਦਾ ਵਿਸ਼ਾ ਲੋਕਾਂ ਨੂੰ ਲਹਿਰ ਪ੍ਰਤੀ ਜਾਗਰੂਕ ਕਰਦਾ ਹੈ ਕਿ ਅਸੀਂ ਸਿਰਫ਼ ਆਪਣੀਆਂ ਮੰਗਾਂ ਪੂਰੀਆਂ ਕਰਨ ਲਈ ਹੀ ਨਹੀਂ ਲੜਨਾ।ਹੁਣ ਸਾਨੂੰ ਉਨ੍ਹਾਂ ਦੇ ਖਿਲਾਫ਼ ਲੜਨਾ ਹੈ ਜਿਹੜੇ ਰਾਜਨੀਤਿਕ ਨੂੰ ਦਬਾਅ ਰਹੇ ਹਨ ਭਾਵ ਜਿਹੜੇ ਉਸ ਨੂੰ ਉਲਟ ਚਲਾ ਰਹੇ।ਉਹ ਲੋਕਾਂ ਦੇ ਵਿਰੋਧੀ ਹਨ।ਹੁਣ ਫਿਰ ਤੋਂ ਉਹੀ ਸਮਾਂ ਆ ਗਿਆ ਹੈ ਜਿਹੜਾ ਸੱਤਰ ਦਾ ਸੀ।ਉਸ ਸਮੇਂ ਨਕਸਲੀ ਲਹਿਰ ਆਪਣੀ ਜੜ੍ਹ ਮਜ਼ਬੂਤ ਹੋ ਚੁੱਕੀ ਸੀ।ਮੁੜ ਉਹੀ ਦਿਨ ਨਜ਼ਰ ਆ ਰਹੇ ਹਨ।ਇਸ ਨਾਲ ਇਹ ਨਤੀਜਾ ਹੋਇਆ ਕਿ ਪੁਲਿਸ ਦਾ ਰੋਹਬ ਲੋਕਾਂ ਉੱਪਰ ਜ਼ਿਆਦਾ ਵੱਧ ਗਿਆ।ਤੇ ਲੋਕ ਡਰ ਦਾ ਮਾਹੌਲ ਜਿਉਣ ਲੱਗੇ।ਜਿਵੇਂ:-

[45] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 118

" ਘਬਰਾਹਟ ਤੇ ਸਹਿਮ ਜਿਹੇ ਦਾ ਮਾਹੌਲ ਕੁੱਝ ਪੁਲਿਸ ਲੋਕਾਂ ਨੂੰ ਦਬਕਾ ਦੇ ਉੱਥੋਂ ਇੱਧਰੋਂ ਉੱਧਰ ਨੂੰ ਤੋਰ ਦਿੱਤਾ ਸੀ ਸਗੋਂ ਜਿਹੜੇ ਕਿਤੇ ਇੱਧਰ ਉੱਧਰ ਰਹਿ ਗਏ ਸਨ, ਉਨ੍ਹਾਂ ਨੂੰ ਵੀ ਉੱਥੋਂ ਭਜਾ ਰਹੀ ਸੀ ਉਸ ਨੂੰ ਡਰ ਸੀ ਕਿ ਕਿਤੇ ਲੋਕ ਕੱਠੇ ਹੋ ਕੇ ਮੁੜ ਮੁਜ਼ਾਹਰਾ ਨਾ ਕੱਢ ਦੇਣ ਉਨ੍ਹਾਂ ਨੇ ਜਾਂਦਿਆਂ ਹੀ ਜਦੋਂ 'ਗੁੰਡਾਗਰਦੀ ਮੁਰਦਾਬਾਦ', 'ਲੋਕ ਏਕਤਾ ਜ਼ਿੰਦਾਬਾਦ' ਦੇ ਨਾਅਰੇ ਲਾਏ ਤਾਂ ਇੱਕ ਏ.ਐਸ.ਆਈ. ਉਨ੍ਹਾਂ ਵੱਲ ਆਹੁਲ ਕੇ ਆਇਆ।"[46]

ਜਦੋਂ ਕਿਤੇ ਲਹਿਰ ਹੁੰਦੀ ਸੀ ਤਾਂ ਪੁਲਿਸ ਲੋਕਾਂ ਨੂੰ ਖਿਸਕਾ ਦਿੰਦੀ ਸੀ।ਜਿਹੜੇ ਉੱਥੇ ਕਿਤੇ ਰੁਕ ਜਾਂਦੇ ਤਾਂ ਕਿ ਉਹ ਇਕੱਠੇ ਹੋ ਕੇ ਫਿਰ ਤੋਂ ਕੋਈ ਮੁਜ਼ਾਹਰਾ ਨਾ ਕੱਢ ਦੇਣ।ਲੋਕਾਂ 'ਚ ਲਹਿਰ ਦਾ ਪੂਰਾ ਜਨੂਨ ਸੀ ਉਹ ਜੋਸ਼ ਨਾਲ ਭਰੇ ਹੋਏ ਸਨ।ਉਨ੍ਹਾਂ ਦੇ ਕੁੱਝ ਸਾਥੀਆਂ ਨੂੰ ਕਤਲ ਕਰਨ ਦੀ ਸ਼ਾਜਿਸ ਰਚੀ ਗਈ ਸੀ।ਇਸ ਕਰ ਕੇ ਉਨ੍ਹਾਂ ਨੇ ਨਾਅਰਾ ਲਗਾਇਆ ਹੋਇਆ ਸੀ।ਪੁਲਿਸ ਇਹ ਨਹੀਂ ਚਾਹੁੰਦੀ ਸੀ ਕਿ ਉਹ ਮੁਜ਼ਾਹਰਾ ਕਰਨ।ਇਸ ਲਈ ਉਸ ਨੇ ਉਨ੍ਹਾਂ ਨੂੰ ਖਿੰਡਾ ਦਿੱਤਾ ਤਾਂ ਕਿ ਉਹ ਕਿਸੇ ਵੀ ਤਰ੍ਹਾਂ ਕੋਈ ਵੀ ਤਾਨਾਸ਼ਾਹੀ ਨਾ ਕਰਨ।ਜਿਵੇਂ ਨਾਵਲ ਵਿਚ ਪੁਲਿਸ ਤੇ ਜੱਸੀ ਦੀ ਵਾਰਤਾਲਾਪ:-

"ਜਦੋਂ ਲੋਕਾਂ ਦਾ ਜ਼ੋਰ ਪੈ ਗਿਆ, ਬਦਮਾਸ਼ ਮੂਹਰੇ ਭੱਜ ਤੁਰੇ ਤਾਂ ਤੁਸੀਂ ਉਨ੍ਹਾਂ ਦੇ ਬਚਾਅ 'ਚ ਆ ਕੇ ਲੋਕਾਂ ਨੂੰ ਹੀ ਧਮਕਾਉਣ ਲੱਗ ਪਏ...ਵਾਹ! ਇਹ ਹੈ ਤੁਹਾਡੀ ਲੋਕ ਰੱਖਿਆ! ਜੱਸੀ ਹੁਰਾਂ ਮਗਰ ਆਣ ਖੜ੍ਹੇ ਹੋਏ ਇੱਕ ਅਧਖੜ ਕਿਸਾਨ ਨੇ ਦਲੇਰੀ ਨਾਲ ਆਖਿਆ। ਦੋਸ਼ੀ ਤੁਹਾਡੀ ਸਰਪ੍ਰਸਤੀ ਹੇਠ ਹਨ।ਜਦੋਂ ਮਰਜ਼ੀ ਫੜ ਲਓ।ਜੇ ਨਹੀਂ ਪਤਾ ਤਾਂ ਦਸ ਦੇਂਦੇ ਹਾਂ। ਉਹ ਖਮਨਿਆਂ ਦੇ ਸ਼ੈਲਰ ਉੱਪਰਲੇ ਚੁਬਾਰੇ 'ਚ ਸ਼ਰਾਬ ਪੀ ਰਹੇ ਹਨ। ਅਸੀਂ ਤੁਹਾਨੂੰ ਪਹਿਲਾਂ ਵੀ ਦੱਸਿਆ ਕਿ ਉਹ ਕਿੱਥੇ ਬੈਠੇ ਹਨ?"[47]

---

[46] ਬਲਬੀਰ ਪਰਵਾਨਾ, ਪੰਜਾਬ ਦੀ ਨਕਸਲਬਾੜੀ ਲਹਿਰ 120

[47] ਬਲਬੀਰ ਪਰਵਾਨਾ, ਪੰਜਾਬ ਦੀ ਨਕਸਲਬਾੜੀ ਲਹਿਰ, ਪੰਨਾ 120

ਇੱਥੇ ਕਿਸਾਨ ਪੁਲਿਸ ਨਾਲ ਬਹਿਸਦੇ ਦੇਖ ਹੋਰ ਕਿਸਾਨ ਵੀ ਇਕੱਠੇ ਹੋਣੇ ਸ਼ੁਰੂ ਹੋ ਗਏ ਹਨ।ਉਨ੍ਹਾਂ ਦਾ ਗੁੱਸਾ ਉੱਬਲਨ ਲੱਗਾ। ਇਥੇ ਪੁਲਿਸ ਨੂੰ ਜਾਗਰੂਕ ਕਰਨ ਲਈ ਪ੍ਰੇਰਿਆ ਗਆ ਹੈ ਕਿ ਤੁਸੀ ਬੇਕਸੂਰਾਂ ਨੂੰ ਫੜ ਕੇ ਜੇਲ੍ਹ ਵਿਚ ਸੁੱਟ ਰਹੇ ਹੋ ਤੇ ਅਸਲੀ ਮੁਜ਼ਲਿਮ ਬਾਹਰ ਘੁੰਮ ਰਹੇ ਹਨ। ਤੁਸੀ ਉਨ੍ਹਾਂ ਨੂੰ ਕਿਉਂ ਨਹੀਂ ਫੜ ਰਹੇ ਹੋ। ਅਸੀ ਤੁਹਾਨੂੰ ਦੱਸਦੇ ਹਾਂ ਕਿ ਅਸਲੀ ਮੁਲਜ਼ਿਮ ਕਿੱਥੇ ਹਨ। ਤੇ ਉਨ੍ਹਾਂ ਨੂੰ ਜਾ ਕੇ ਫੜ ਲਵੋ। ਹੋਰ ਪੰਦਰਾਂ ਮਿੰਟਾਂ 'ਚ ਉੱਥੇ 'ਕੱਠ ਸੌ, ਸਵਾ ਸੌ ਲੋਕ ਪੁੱਜ ਗਏ ਇਸ ਲਹਿਰ ਦੇ ਪ੍ਰਭਾਵ ਨਾਲ ਅਨੇਕਾਂ ਆਗੂਆਂ ਨੂੰ ਆਹੂਤੀ ਵੀ ਦੇਣੀ ਪਈ। ਇਹ ਇਕ ਵੱਡਾ ਪ੍ਰਭਾਵ ਸੀ। ਜਿਸਨੇ ਕਿ ਪੰਜਾਬ ਦੀ ਧਰਤੀ ਨੂੰ ਹਿਲਾ ਕੇ ਰੱਖ ਦਿੱਤਾ।

ਹਾਲਾਤ ਇਹ ਬਣੇ ਹੋਏ ਸਨ ਕਿ ਪੁਲਿਸ ਚਾਹੁੰਦੀ ਸੀ ਕਿ ਜਿਹੜਾ ਵੀ ਕੋਈ ਲੱਭਦਾ ਹੈ ਉਨ੍ਹਾਂ ਨੂੰ ਫੜ ਲਊ ਤੇ ਇੱਟਾਂ ਪੱਥਰਾਂ ਨਾਲ ਮਾਰੋ।ਇਸ ਉਨ੍ਹਾਂ ਨੂੰ ਲੱਭ ਲੱਭ ਕੇ ਮਾਰਿਆ ਗਿਆ।ਇਹ ਬੁਰਾ ਅੱਤਵਾਦੀ ਰੂਪ ਧਾਰ ਗਈ ਸੀ। ਜਿਹੜਾ ਵੀ ਉਨ੍ਹਾਂ ਦੇ ਰਸਤੇ 'ਚ ਆਉਂਦਾ ਉਨ੍ਹਾਂ ਨੂੰ ਉਹ ਮਾਰ ਦਿੰਦੇ ਸਨ। ਜੇਕਰ ਉਹ ਅੰਦਰੋਂ ਬਾਹਰ ਨਾ ਨਿਕਲਦੇ ਤਾਂ ਦਰਵਾਜ਼ੇ ਤੋੜ ਕੇ ਉਨ੍ਹਾਂ ਨੂੰ ਮਾਰਿਆ ਗਿਆ। ਇਹ ਇੱਕ ਖ਼ਤਰਨਾਕ ਰੂਪ ਅਖ਼ਤਿਆਰ ਕਰ ਚੁੱਕੀ ਸੀ। ਉਸ ਹੜਤਾਲਾਂ ਦੌਰਾਨ ਨਿਭਾਈ ਇਸ ਭੂਮਿਕਾ ਨੂੰ ਨਾਵਲ ਵਿਚ ਨਾਂ ਦੇ ਪਾਤਰਾਂ ਰਾਹੀ ਪੇਸ਼ ਕੀਤਾ ਹੈ ਇਲਾਕੇ 'ਚ ਘਰ ਘਰ ਜੱਸੀ ਦੀਆਂ ਗੱਲਾਂ ਹੋਣ ਲੱਗ ਪਈਆਂ ਸੀ ਕਿ ਮੁੰਡਾ ਬਿਲਕੁਲ ਅੱਗ ਹੈ।ਇਸ ਤੋਂ ਇਲਾਵਾ ਅਸੀਂ ਦੇਖ ਸਕਦੇ ਹਾਂ। ਜੱਸੀ ਨੇ ਕਿਹਾ ਕਿ ਦੂਸਰੇ ਦੇ ਜੀਵਨ ਸਾਥੀ ਬਣ ਜਾਓ ਤਾਂ ਇਸ ਨਾਲ ਇਨਕਲਾਬੀ ਲਹਿਰ ਨੂੰ ਹੁੰਗਾਰਾ ਮਿਲੇਗਾ।ਜਿਵੇਂ ਨਾਵਲ ਵਿਚ:-

"ਫਿਰ ਪੰਡਿਤਾਂ ਦੀ ਸ਼ਸ਼ੀ...ਜੇ ਉਸ ਨੂੰ ਉਦੋਂ ਨਕਸਲੀਆਂ ਨਾਲ ਭਗੌੜਾ ਨਾ ਹੋਣਾ ਪੈ ਜਾਂਦਾ ਤਾਂ ਪਤਾ ਨਹੀਂ ਉਸ ਦੀ ਖਿੱਚ ਕਿਹੜੇ ਰੰਗ ਲਿਆਉਂਦੀ।ਬਾਅਦ 'ਚ ਚਾਰ ਸਾਲ ਤਾਂ ਇੱਧਰ ਉੱਧਰ ਭਾਉਂਦਿਆਂ, ਹਰ ਪਲ ਮੌਤ ਦੇ ਪਰਛਾਵੇਂ ਹੇਠ ਲੰਘਾਇਆ ਸੀ ਤੇ ਜਾਂ ਫਿਰ ਕੁੱਝ ਨਾ ਕੁੱਝ ਕਰਨ ਦਾ ਜਨੂਨ।ਇਨਕਲਾਬ ਦੇ ਕਾਜ 'ਚ ਲੱਗੇ ਹੋਣ ਦਾ ਸਰੂਰ ਜ਼ਿਹਨ 'ਚ ਹਾਵੀ ਰਿਹਾ।ਜਦੋਂ ਕਿਸੇ ਸਾਥੀ ਦੇ ਪੁਲੀਸ ਮੁਕਾਬਲੇ 'ਚ ਹਾਵੀ ਰਿਹਾ।ਜਦੋਂ

ਕਿਸੇ ਸਾਥੀ ਦੇ ਪੁਲਿਸ ਮੁਕਾਬਲੇ 'ਚ ਮਾਰੇ ਜਾਣ ਦੀ ਖ਼ਬਰ ਪਤਾ ਲੱਗਦੀ ਤਾਂ ਦੁੱਗਣੇ ਵੇਗ ਨਾਲ ਕਾਜ 'ਚ ਜੁੱਟ ਜਾਣ ਦੀ ਧੁੰਨ ਸਵਾਰ ਹੋ ਜਾਂਦੀ।ਉਸ ਦੌਰ 'ਚ ਤੇ ਉਸ ਤੋਂ ਬਾਅਦ ਵੀ, ਜਦੋਂ ਉਸ ਨੇ ਪੁਲਿਸ ਦਾ ਦਬਾਅ ਕੁੱਝ ਘੱਟ 'ਤੇ, ਘਰ ਪਰਤ ਕੇ ਮੁੜ ਪੜ੍ਹਨਾ ਸ਼ੁਰੂ ਕੀਤਾ, ਉਦੋਂ ਵੀ ਮਨ 'ਚੋਂ ਨਾ ਇਨਕਲਾਬ ਦਾ ਜਨੂੰਨ ਘਟਿਆ,ਨਾ ਮੌਤ ਦੀਆ ਅੱਖਾਂ ਪਾ ਕੇ ਹੌਸਲੇ ਨਾਲ ਤੱਕਣ ਦਾ ਜੇਰਾ।"[48]

ਇਸ ਲਹਿਰ ਦੇ ਪ੍ਰਭਾਵ ਕਾਰਨ ਇਨਕਲਾਬ ਦੀ ਲਹਿਰ ਫੈਲ ਗਈ। ਇਨਕਲਾਬ ਦੇ ਕਾਰਨ ਕਈਆਂ ਨੂੰ ਜੇਲ੍ਹ ਕੱਟਣੀ ਪਈ।ਪਰ ਉਨ੍ਹਾਂ ਅੰਦਰ ਪੂਰਾ ਜਨੂਨ ਸੀ।ਜਦੋਂ ਉਨ੍ਹਾਂ ਆਗੂਆਂ ਦਾ ਕੋਈ ਸਾਥੀ ਮਰ ਜਾਂਦਾ ਤਾਂ ਉਹ ਇੱਕਜੁੱਟ ਹੋ ਜਾਂਦੇ।ਪਾਤਰ ਜੱਸੀ ਇਸ ਲਹਿਰ ਨਾਲ ਪੂਰਾ ਜੁੜ ਚੁੱਕਾ ਸੀ।ਕਾਲਜ ਵਿਦਿਆਰਥੀਆਂ ਨਾਲ ਇਸ ਲਹਿਰ ਵਿਚ ਹਿੱਸਾ ਪਾਉਂਦਾ ਸੀ।ਤੇ ਜਦੋਂ ਉਸ ਦੀ ਪੜ੍ਹਾਈ ਖ਼ਤਮ ਹੋਈ ਤਾਂ ਵੀ ਉਸ ਅੰਦਰ ਇਹ ਜਨੂਨ ਨਾ ਘਟਿਆ ਸਗੋਂ ਹੋਰ ਵੱਧ ਗਿਆ।ਉਸ ਨੂੰ ਆਪਣੀ ਮੌਤ ਦਾ ਕੋਈ ਡਰ ਨਾ ਰਿਹਾ।ਉਸ ਦੀਆਂ ਅੱਖਾਂ 'ਚ ਗੁੱਸਾ ਤੇ ਰੋਹ ਸੀ ਤਾਂ ਕਿ ਆਪਣੇ ਮਕਸਦ ਵਿਚ ਕਾਮਯਾਬ ਹੋ ਸਕੇ। ਉਸ ਨਾਲ ਹੋਰ ਵੀ ਉਸ ਦੇ ਸਾਥੀ ਜੁੜ ਗਏ। ਜਦੋਂ ਜੱਸ ਕਾਲਜ ਪੜਦਾ ਸੀ ਤਾਂ ਮਨਜੀਤ ਨਾਲ ਉਸ ਦਾ ਪਿਆਰ ਪੈ ਗਿਆ ਤੇ ਉਨ੍ਹਾਂ ਨੇ ਚੁੱਪ-ਚੁਪੀਤੇ ਵਿਆਹ ਕਰਵਾ ਲਿਆ ਤੇ ਮਨਜੀਤ ਵੀ ਲਹਿਰ 'ਚ ਸ਼ਾਮਿਲ ਹੋ ਗਈ ਸੀ ਮਨਜੀਤ ਲਹਿਰ ਨਾਲ ਬਿਨਾਂ ਕਿਸੇ ਬਹੁਤੀ ਸਿਧਾਂਤਕ ਚੇਤਨਾ ਦੇ, ਬਸ ਭਾਵੁਕ ਜਿਹੇ ਘਟਨਾਕ੍ਰਮ ਕਰ ਕੇ ਜੁੜੀ ਸੀ ਤੇ ਲਹਿਰ 'ਚ ਗੀਤ ਵੀ ਗਾਉਂਦੀ ਸੀ ਜਿਸ ਤਰ੍ਹਾਂ ਨਾਵਲ ਵਿਚ:-

" ਸੰਘਰਸ਼ ਨੇ ਮਨਜੀਤ ਦਾ ਰੈਲੀਆਂ, ਮੁਜ਼ਾਰਿਆਂ 'ਚ ਗੀਤ ਗਾਉਣ ਦਾ ਝਾਕਾ ਖੋਲ੍ਹ ਦਿੱਤਾ ਸੀ।ਮਨਜੀਤ ਦੇ ਵੱਡੇ ਭਰਾ ਨੂੰ ਮਲਕੀਤ ਪਨਸਪ ਇੰਸਪੈਕਟਰ ਦੀ ਨੌਕਰੀ ਮਿਲ ਗਈ।ਉਸ ਦੀ ਪੋਸਟਿੰਗ ਮੋਗੇ ਹੋਈ ਸੀ,ਜਿੱਥੇ ਉਸ ਦਾ ਇੱਕ ਕੁਲੀਗ ਨਕਸਲੀ ਲਹਿਰ ਦਾ ਸਮਰਥਕ ਸੀ।ਪੁਲਿਸ ਨਕਸਲੀਆਂ ਦੇ ਤੰਤਰ ਨੂੰ

[48] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 34

ਤੋੜਨ ਲਈ ਬਹੁਤ ਸਰਗਰਮ ਸੀ,ਖ਼ਾਸ ਕਰ ਕੇ ਹਰਜਾਪ ਸਿੰਘ ਦੇ ਕਤਲ ਤੋਂ ਬਾਅਦ ਤਾਂ ਉਹ ਬੁਖਲਾ ਹੀ ਗਈ ਸੀ।ਕਈ ਪਿੰਡਾਂ 'ਚ ਚੌਕੀਆਂ ਬਹਿ ਗਈਆਂ ਸਨ,ਪਰ ਮੰਡ ਦੇ ਇਲਾਕੇ ਦੀ ਬਣਤਰ ਅਜਿਹੀ ਸੀ ਕਿ ਉੱਥੇ ਪੁਲਿਸ ਦੀ ਕੋਈ ਪੇਸ਼ ਨਾ ਜਾਂਦੀ। ਪੁਲਿਸ ਹੋਣ ਕਿੰਨੇ ਦਿਨ ਬੈਠੀ ਰਹਿੰਦੀ!ਦੋ ਦਿਨਾਂ ਦੇ ਸਰਚ ਆਪ੍ਰੇਸ਼ਨ ਤੋਂ ਬਾਅਦ ਉਹ ਚਲੀ ਗਈ ਤਾਂ ਕਾਮਰੇਡ ਮੁੜ ਆਣ ਧਮਕੇ। ਉਹ ਖੁੱਲ੍ਹੇਆਮ ਮੀਟਿੰਗਾਂ 'ਚ ਲਲਕਾਰਦੇ,ਧਮਕੀਆਂ ਦਿੰਦੇ ਐ।"[49]

ਇਸ ਲਹਿਰ ਦੇ ਇਨਕਲਾਬੀ ਜਨੂੰਨ ਨੇ ਪੰਜਾਬ ਦੇ ਅੱਲੜ੍ਹ ਮੁੰਡਿਆਂ ਨੂੰ ਨਾਇਕ ਦਾ ਦਰਜ਼ਾ ਵੀ ਦੇ ਦਿੱਤਾ। ਜਿਵੇਂ ਪਾਤਰ ਜੱਸੀ ਆਪਣਾ ਜੀਵਨ ਹੀ ਇਸ ਲਹਿਰ ਨੂੰ ਸਮਰਪਿਤ ਕਰਦਾ ਹੈ। ਸੰਘਰਸ਼ ਨੇ ਮਨਜੀਤ ਦਾ ਰੈਲੀਆਂ, ਮੁਜ਼ਾਰਿਆਂ 'ਚ ਗੀਤ ਗਾਉਣ ਦਾ ਝਾਕਾ ਖੋਲ੍ਹ ਦਿੱਤਾ ਸੀ। ਮਨਜੀਤ ਦੇ ਵੱਡੇ ਭਰਾ ਨੂੰ ਮਲਕੀਤ ਪਨਸਪ ਇੰਸਪੈਕਟਰ ਦੀ ਨੌਕਰੀ ਮਿਲ ਗਈ।ਉਸ ਦੀ ਪੋਸਟਿੰਗ ਮੋਗੇ ਹੋਈ ਸੀ, ਜਿੱਥੇ ਉਸ ਦਾ ਇੱਕ ਕੁਲੀਗ ਨਕਸਲੀ ਲਹਿਰ ਦਾ ਸਮਰਥਕ ਸੀ। ਪੁਲਿਸ ਨਕਸਲੀਆਂ ਦੇ ਤੰਤਰ ਨੂੰ ਤੋੜਨ ਲਈ ਬਹੁਤ ਸਰਗਰਮ ਸੀ, ਖ਼ਾਸ ਕਰ ਕੇ ਹਰਜਾਪ ਸਿੰਘ ਦੇ ਕਤਲ ਤੋਂ ਬਾਅਦ ਤਾਂ ਉਹ ਬੁਖਲਾ ਹੀ ਗਈ ਸੀ।ਉਹ ਵੀ ਜੱਸੀ ਨਾਲ ਮੀਟਿੰਗਾਂ 'ਚ ਹਿੱਸਾ ਪਾਉਂਦੀ ਸੀ ਤਾਂ ਕਿ ਉਸ ਨੂੰ ਲਹਿਰ ਬਾਰੇ ਸਭ ਕੁੱਝ ਪਤਾ ਹੋਵੇ।ਤੇ ਉਹ ਲੋਕਾਂ ਨੂੰ ਸੇਧ ਦਿੰਦੇ ਹੁੰਦੇ ਸਨ ਕਿ ਏਸ਼ੀਆ ਜਾਗ ਰਿਹਾ ਹੈ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਜਾਗ ਰਿਹਾ ਹੈ। ਨਕਸਲਬਾੜੀ ਨੇ ਇੱਕ ਚੰਗਿਆੜੀ ਨੇ ਸਾਰੇ ਭਾਰਤ ਅੰਦਰ ਅੱਗ ਫੈਲਾ ਦਿੱਤੀ ਹੈ। ਇਸ ਅੱਗ ਵਿਚ ਉਹ ਸਾਰੇ ਲੋਕ ਭਸਮ ਕਰ ਦਿੱਤੇ ਜਾਣਗੇ, ਜਿਨ੍ਹਾਂ ਨੇ ਗਰੀਬਾਂ ਦੇ ਖ਼ੂਨ ਨਾਲ ਆਪਣੇ ਮਹਿਲ-ਮਾੜੀਆਂ ਅਤੇ ਸਲਤਨੱਤਾਂ ਉਸਾਰੀਆਂ ਹੋਈਆਂ ਹਨ। ਐਮਰਜੈਂਸੀ ਦੌਰਾਨ ਤੇ ਪਿੱਛੋਂ ਵੀ, ਕਿਤੇ ਕਿਸੇ ਨਕਸਲੀ ਦੇ ਪੁਲਿਸ ਮੁਕਾਬਲੇ 'ਚ ਮਾਰੇ ਜਾਣ ਦੀ ਖ਼ਬਰ ਪਤਾ ਲੱਗਦੀ ਤਾਂ ਇਹ ਖ਼ਬਰਾਂ ਉਸ ਲਈ 'ਲੋਕ ਯੁੱਧਾ' ਦੀ ਚੜ੍ਹਤ ਵੱਲ ਜਾਂਦੀਆਂ ਪ੍ਰਤੀਤ ਹੁੰਦੀਆਂ। 'ਸੱਤਾ ਜਦੋਂ ਖੁਰ ਰਹੀ ਹੋਵੇ ਤਾਂ ਉਹ ਆਪਣਾ ਖੂੰਖਾਰ ਚਿਹਰਾ ਵਧੇਰੇ ਨੰਗਾ ਕਰ ਲੈਂਦੀ ਹੈ। ਇਨਕਲਾਬ ਕੁਰਬਾਨੀਆਂ ਤਾਂ

[49] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 22

ਮੰਗਦਾ ਹੀ ਹੈ। ਚੀਨ 'ਚ ਕਿੰਨੇ ਲੋਕਾਂ ਨੇ ਕੁਰਬਾਨੀਆਂ ਦੇ ਕੇ ਲਾਲ ਝੰਡਾ ਫਹਿਰਾਇਆ ਸੀ। ਮਾਓ ਐਵੇਂ ਨਹੀਂ ਕਹਿੰਦਾ, ਰਾਜਸੀ ਸੱਤਾ ਬੰਦੂਕ ਦੀ ਨਾਲੀ ਵਿਚੋਂ ਨਿਕਲਦੀ ਹੈ। ਇਸ ਨਾਲ ਪੰਜਾਬ 'ਚ ਨਕਸਲੀ ਆਗੂਆਂ ਦਾ ਰਾਜ ਹੋ ਗਿਆ ਹੈ। ਉਸ ਦੌਰ 'ਚ ਤੇ ਉਸ ਤੋਂ ਬਾਅਦ ਵੀ, ਜਦੋਂ ਉਸ ਨੇ ਪੁਲਿਸ ਦਾ ਦਬਾਅ ਕੁੱਝ ਘੱਟ 'ਤੇ, ਘਰ ਪਰਤ ਕੇ ਮੁੜ ਪੜ੍ਹਨਾ ਸ਼ੁਰੂ ਕੀਤਾ, ਉਦੋਂ ਵੀ ਮਨ 'ਚੋਂ ਨਾ ਇਨਕਲਾਬ ਦਾ ਜਨੂੰਨ ਘਟਿਆ, ਨਾ ਮੌਤ ਦੀਆਂ ਅੱਖਾਂ ਪਾ ਕੇ ਹੌਸਲੇ ਨਾਲ ਤੱਕਣ ਦਾ ਜੇਰਾ।ਉਸ ਕੋਲ 'ਲਿਬਰੇਸ਼ਨ ਦਾ ਉਹ ਪੰਨਾ ਹਰ ਵਕਤ ਹੁੰਦਾ, ਜਿਸ 'ਤੇ ਬੰਗਾਲੀ ਨਕਸਲੀ ਕਾਰਕੁੰਨ ਸੁਦੇਬ ਦਾ ਘਰਦਿਆਂ ਨੂੰ ਲਿਖਿਆ ਖ਼ਤ ਛਪਿਆ ਹੋਇਆ ਸੀ।ਇਹ ਉਸ ਨੂੰ ਪਹਿਲੀ ਮਿਲਣੀ ਦੌਰਾਨ ਤਿਰਲੋਚਣ ਨੇ ਦਿੱਤਾ ਸੀ। ਇਕ ਹੋਰ ਹਵਾਲਾ ਨਾਵਲ ਵਿਚ ਲੈ ਕੇ ਇਸ ਵਿਚਾਰ ਉੱਪਰ ਚਰਚਾ ਕਰਦੇ ਹਾਂ:-

" ਦਾਦੀ ਜੀ, ਮਾਤਾ ਜੀ, ਭੂਆ ਜੀ ਤੇ ਭੈਣ ਜੀ," ਮੈ ਠੀਕ ਠਾਕ ਹਾਂ। ਮੇਰੇ ਬਾਰੇ ਚਿੰਤਾ ਕਰਨੀ ਛੱਡ ਦਿਉ।ਚਿੰਤਾ ਕਰਨ ਦਾ ਕੋਈ ਫ਼ਾਇਦਾ ਨਹੀਂ।ਚਿੰਤਾ ਤੋਂ ਬਚਣ ਦਾ ਇੱਕ ਰਾਹ ਇਹ ਹੈ ਕਿ ਮੇਰੇ ਇਕੱਲੇ ਬਾਰੇ ਸੋਚਣ ਦੀ ਬਜਾਏ ਸਾਰੇ ਲੋਕਾਂ ਬਾਰੇ ਸੋਚਿਆ ਜਾਵੇ। ਉਨ੍ਹਾਂ ਗ਼ਰੀਬ ਲੋਕਾਂ ਬਾਰੇ ਸੋਚਿਆ ਜਾਵੇ, ਜਿਨ੍ਹਾਂ ਨੇ ਇੱਕ ਮਨੁੱਖ ਦੇ ਤੌਰ 'ਤੇ ਜਿਊਣ ਦਾ ਆਪਣਾ ਹੱਕ ਮੰਗਣ ਲਈ ਹਥਿਆਰ ਚੁੱਕੇ ਹਨ। ਉਨ੍ਹਾਂ ਸਿਰਲੱਥ ਨੌਜੁਆਨਾਂ ਬਾਰੇ ਸੋਚਿਆਂ ਜਾਵੇ, ਜਿਨ੍ਹਾਂ ਨੇ ਆਪਣੇ ਆਪ ਨੂੰ ਇਨ੍ਹਾਂ ਲੋਕਾਂ ਨਾਲ ਇਕਮਿਕ ਕਰ ਲਿਆ ਹੈ ਅਤੇ ਇਨ੍ਹਾਂ ਸੰਗ ਘੋਲ ਦੇ ਰਾਹ 'ਤੇ ਅੱਗੇ ਵੱਧ ਰਹੇ ਹਨ। ਸੰਘਰਸ਼ ਸ਼ੁਰੂ ਹੋ ਚੁੱਕਾ ਹੈ।ਕੁਲ ਦੁਨੀਆ ਵਿਚ ਸੰਘਰਸ਼ ਸ਼ੁਰੂ ਹੋ ਚੁੱਕਾ ਹੈ।ਇਸ ਸੰਘਰਸ਼ ਨਾਲ ਦੁਨੀਆ 'ਤੇ ਛਾਈ ਹੋਈ ਕਾਲੀ ਬੋਲੀ ਰਾਤਬ ਦੇ ਖ਼ਾਤਮੇ ਦੀ ਸ਼ੁਰੂਆਤ ਹੋ ਚੁੱਕੀ ਹੈ।ਏਸ਼ੀਆ ਜਾਗ ਰਿਹਾ ਹੈ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਜਾਗ ਰਿਹਾ ਹੈ।"[50]

ਇਸ ਨਾਵਲ ਦੇ ਜ਼ਰੀਐ ਲੇਖਕ ਨੇ ਲੋਕਾਂ ਦੇ ਦੁੱਖਾਂ ਨੂੰ ਪ੍ਰਗਟਾਇਆ ਗਿਆ ਹੈ ਕਿ ਹੁਣ ਸੰਘਰਸ਼ ਸ਼ੁਰੂ ਹੋ

[50] ਬਲਬੀਰ ਪਰਵਾਨਾ, ਸਿਮਟਦਾ ਆਕਾਸ਼, ਪੰਨਾ 35

ਗਿਆ ਹੈ। ਹੁਣ ਸਿਰਫ਼ ਇੱਕ ਵਿਅਕਤੀ ਬਾਰੇ ਨਹੀਂ ਸਗੋਂ ਸਰਿ**ਆਂ** ਬਾਰੇ ਸੋਚਣ ਦਾ ਸਮਾਂ ਆ ਗਿਆ ਹੈ ਭਾਵ ਬੁਰਜ਼ੂਆ ਬਾਰੇ ਸੋਚਣਾ ਹੈ ਤਾਂ ਕਿ ਉਹ ਵੀ ਕਿਸੇ ਪੱਖੋਂ ਵਾਂਝੇ ਨਾ ਰਹਿ ਜਾਣ।

## ੪.2 'ਸਿਮਟਦਾ ਆਕਾਸ਼' ਨਾਵਲ ਵਿੱਚ ਨਕਸਲਵਾਦ ਦੀ **ਵਰਤਮਾਨ** ਸਥਿਤੀ

ਜੇਕਰ ਦੇਖਿਆਂ ਜਾਏ ਤਾਂ ਨਕਸਲਵਾਦ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਪਚ੍ਰਲਿਤ ਹੈ ਫਿਰ ਭਾਵੇਂ ਉਹ ਰਾਜਨੀਤੀ ਕਿਉਂ ਨਾ ਹੋਵੇ। ਅਜੋਕੇ ਜ਼ਮਾਨੇ ਵਿਚ ਵੀ ਅਸੀਂ ਨਕਸਲਵਾਦ ਦੇਖ ਸਕਦੇ ਹਾਂ। ਰਾਜਨੀਤਿਕ ਪਾਰਟੀਆਂ ਦੀ ਕਾਰਗੁਜਾਰੀ ਨਕਸਲਵਾਦ ਨੂੰ ਵਧਾਵਾ ਦੇ ਰਹੀ **ਹੈ।** ਕੋਈ ਨਾ ਕੋਈ ਮੰਤਰੀ **ਆਪਣੇ ਹਿੱਤਾ ਲਈ** ਨਕਸਲਵਾਦ ਨੂੰ ਵਧਾਵਾ ਦੇ **ਰਿਹਾ** ਹੈ।ਜਿਸ ਤਰ੍ਹਾਂ 2014 ਵਿਚ ਅਸੀਂ ਦੇਖ ਸਕਦੇ ਹਾਂ ਕਿ ਮੋਦੀ ਸਰਕਾਰ ਨੇ ਸੁਪਰੀਮ ਕੋਰਟ ਵਿਚ ਚੀਫ਼ ਜਸਟਿਸ ਨੂੰ ਆਪਣੇ ਨਾਲ ਰਲਾ ਕੇ ਕਦਰਾਂ-ਕੀਮਤਾਂ ਨੂੰ ਮਿੱਟੀ ਵਿਚ ਮਿਲਾ ਦਿੱਤਾ।ਇਹ ਬਹੁਤ ਸ਼ਰਮਨਾਕ ਮਾਮਲਾ ਸੀ।ਅਸੀਂ ਪਹਿਲਾ ਵੀ ਦੇਖਿਆ ਹੈ ਕਿ ਕਾਂਗਰਸ ਭਾਜਪਾ ਮਿਲ ਕੇ ਸਿਸਟਮ ਨੂੰ ਤਹਿਸ ਨਹਿਸ ਕਰਦੇ ਹਨ।ਇਹ ਕਦਮ ਸਮੁੱਚੇ ਦੇਸ਼ ਦੇ ਟੋਟੇ ਕਰਨ ਵੱਲ ਵੱਧ ਰਿਹਾ ਹੈ।ਇਹ ਆਪਣੇ ਹੱਕਾਂ ਲਈ ਤੇ ਆਪਣੀ ਮਰਜ਼ੀ ਦੇ ਹੱਕਾਂ ਨੂੰ ਚਲਾਉਣ ਲਈ ਮਨਮਰਜ਼ੀ ਕਰ ਰਹੀਆਂ ਹਨ।ਇਸ ਦਾ ਨਤੀਜਾ ਇਹ ਹੋਇਆ ਕਿ ਲੋਕ ਇਨਸਾਫ਼ ਲਈ ਦਰ ਦਰ ਭਟਕ ਰਹੇ ਹਨ।ਬਿਨਾਂ ਕੋਈ ਅਪਰਾਧ ਦੇ ਲੋਕ ਜੇਲ੍ਹਾਂ ਵਿਚ ਸੜ ਰਹੇ ਹਨ।ਤੇ ਜਿਨ੍ਹਾਂ ਨੇ ਕਤਲ ਕੀਤੇ ਹੋਏ ਹਨ ਉਹ ਦੋਸ਼ੀ ਆਜ਼ਾਦ ਘੁੰਮ ਰਹੇ ਹਨ।ਚੀਫ਼ ਜਸਟਿਸ ਦਾ ਅਹੁਦਾ ਰਾਸ਼ਟਰਪਤੀ, ਉਪ-ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੋਂ ਬਾਅਦ ਚੌਥੇ ਨੰਬਰ ਦਾ ਹੁੰਦਾ ਹੈ।ਮੁਲਕ ਦੇ ਲੋਕਾਂ ਦਾ ਭਰੋਸਾ ਸਰਕਾਰ ਤੋਂ ਉੱਠਦਾ ਨਜ਼ਰ ਆ ਰਿਹਾ ਹੈ।ਇਸ ਨਾਲ ਉਨ੍ਹਾਂ ਦੀ ਏਕਤਾ ਖ਼ਤਮ ਹੋ ਜਾਏਗੀ। ਸਰਕਾਰ ਵੱਲੋਂ ਉਠਾਇਆਂ ਗਿਆ ਕਦਮ 'ਤੁਸੀਂ ਆਪਣੇ ਹਿਤਾਂ ਦਾ ਖ਼ਿਆਲ ਰੱਖੋਂ ਅਸੀਂ ਤੁਹਾਡੇ ਹਿਤਾਂ ਦਾ ਖ਼ਿਆਲ ਰੱਖਾਂਗੇ' ਵਰਗੇ ਵਾਅਦੇ ਖ਼ਤਰਨਾਕ ਸਾਬਤ ਹੁੰਦੇ ਨਜ਼ਰ ਆ ਰਹੇ ਹਨ। ਲੋਕਾਂ ਦਾ ਕਾਰਜਪਾਲਿਕਾ ਤੋਂ ਵੀ ਵਿਸ਼ਵਾਸ ਉੱਠ ਰਿਹਾ ਹੈ।ਮੋਦੀ ਸਰਕਾਰ ਦੇ ਮੁਲਕ ਲਈ ਸਮੁੱਚੀ ਨਿਆਂ-ਪ੍ਰਣਾਲੀ ਨੂੰ ਪ੍ਰਭਾਵਿਤ ਕਰਨ

ਵਾਲੇ ਇਹ ਕਦਮ ਦਰੁਸਤ ਨਹੀਂ ਕਹਿ ਸਕਦੇ ਹਾਂ।

ਨਕਸਲਵਾਦ ਦੀ ਆੜ ਹੇਠ ਔਰਤ ਦਾ ਸ਼ੋਸ਼ਣ ਹਾਲੇ ਵੀ ਬਰਕਰਾਰ ਹੈ। ਔਰਤਾਂ ਨੂੰ ਵੀ ਪੂਰੇ ਅਧਿਕਾਰ ਨਹੀਂ ਮਿਲੇ ਹਨ। ਪਰ ਸਰਕਾਰ ਇਸ ਵੱਲ ਕੋਈ ਧਿਆਨ ਨਹੀਂ ਦਿੰਦੀ ਤੇ ਉਹ ਲੜਕੇ ਖੁੱਲ੍ਹੇਆਮ ਘੁੰਮਦੇ ਹਨ। "ਜਿਸ ਤਰ੍ਹਾਂ ਅਸੀਂ ਇੱਕ ਅਨੁਵਾਦ ਵਿਚ ਪੜ੍ਹਿਆਂ ਕਿ 2011 ਵਿਚ ਸੋਨੀ ਸੌਰੀ ਨੂੰ ਝੂਠੇ ਕੇਸ ਵਿਚ ਗ੍ਰਿਫਤਾਰ ਕਰ ਲਿਆ ਗਿਆ।ਤੇ ਪੁਲਿਸ ਦੀ ਪੁੱਛ-ਗਿੱਛ ਦੌਰਾਨ ਉਸ ਨਾਲ ਅਨੇਕਾਂ ਵਾਰ ਹੀ ਬਲਾਤਕਾਰ ਹੋਏ ਸਨ।ਪੂਰੇ ਦੇਸ਼ ਨੂੰ ਸਬੰਧਿਤ ਉਸ ਨੇ ਇੱਕ ਚਿੱਠੀ ਲਿਖੀ ਸੀ ਕਿ ਮੈਨੂੰ ਕਰੰਟ ਲਗਾਉਣ ਨਾਲ, ਨੰਗੇ ਕਰਨ ਨਾਲ ਜਾਂ ਬਰਬਰਤਾਂ ਦਿਖਾਉਣ ਨਾਲ ਨਕਸਲਵਾਦ ਖ਼ਤਮ ਨਹੀਂ ਹੋਣੀ।ਕਿਸ ਲਈ ਔਰਤਾਂ ਨਾਲ ਇੰਨੇ ਅੱਤਿਆਚਾਰ ਹੁੰਦੇ ਹਨ ਪਰ ਅੱਜ ਵੀ ਕਈਆਂ ਨੂੰ ਐਵਾਰਡ ਨਾਲ ਨਿਵਾਜਿਆ ਜਾਂਦਾ ਹੈ ਕਿ ਉਨ੍ਹਾਂ ਨੇ ਭਾਰਤ ਮਾਤਾ ਦੀ ਰੱਖਿਆਂ ਕੀਤੀ ਹੈ। ਇੱਕ ਆਦਿਵਾਸੀ ਨੂੰ ਵੀ ਨਕਸਲਵਾਦ ਕਹਿ ਕੇ ਪੁਲਿਸ ਨੇ ਉਸ ਨੂੰ ਹਿਰਾਸਤ 'ਚ ਲੈ ਲਿਆ ਸੀ। ਇੱਕ ਥਾਣੇ ਤੋਂ ਦੂਸਰੇ ਥਾਣੇ ਜਾਂ ਇੱਕ ਹਿਰਾਸਤ 'ਚ ਦੂਸਰੀ ਹਿਰਾਸਤ 'ਚ ਉਸ ਨਾਲ ਬਲਾਤਕਾਰ ਕੀਤਾ ਗਿਆ। ਇਹ ਸਿਲਸਿਲਾ ਸੱਤ ਸਾਲ ਤੱਕ ਚਲਦਾ ਰਿਹਾ ਪਰ ਪੁਲਿਸ ਦੀ ਹਵਸ਼ ਬੰਦ ਨਾ ਹੋਈ। ਅੱਜ ਵੀ ਇਸ ਤਰ੍ਹਾਂ ਦੀਆਂ ਕੁੜੀਆਂ ਜੇਲ੍ਹਾਂ ਵਿਚ ਸੜ੍ਹ ਰਹੀਆਂ ਹਨ। ਕਈ ਦੇਸ਼ਾਂ ਵਿਚ ਇਹ ਅੱਜ ਵੀ ਹਵਸ਼ ਵਰਗੀਆਂ ਗੰਦੀਆਂ ਵਾਰਦਾਤਾਂ ਹੁੰਦੀਆਂ ਹਨ। ਦੇਸ਼ ਦੀ ਵੰਡ ਵੇਲੇ ਬਲਾਤਕਾਰ ਦੀਆਂ ਸ਼ਿਕਾਰ ਹੋਈਆਂ ਔਰਤਾਂ ਚੀਖ਼ ਚੀਖ਼ ਕੇ ਦੇਸ਼ ਦੀ ਬਰਬਰਤਾ ਪੇਸ਼ ਕਰਦੀਆਂ ਹਨ। ਇਸ ਤਰ੍ਹਾਂ ਔਰਤਾਂ ਨੇ ਕਈ ਵਾਰ ਹਿੰਸਾ ਕੀਤੀ ਆਜ਼ਾਦੀ ਤੋਂ ਬਾਅਦ ਵੀ ਕਈ ਵਾਰ ਹਿੰਸਾ ਕੀਤੀਆਂ ਗਈਆਂ ਚਾਹੇ ਉਹ 1984 ਦੀ ਐਮਰਜੈਂਸੀ ਸੀ ਜਾਂ ਕੋਈ ਦੰਗਾ, ਕਤਲੇਆਮ ਸੀ। ਕਈ ਇਸ ਤਰ੍ਹਾਂ ਦੇ ਸਵਾਲ ਔਰਤਾਂ ਦੇ ਹਨ ਕਿ ਉਂਜ ਉਹ ਸੁਰੱਖਿਅਤ ਹਨ। ਮਰਦ ਪ੍ਰਧਾਨ ਤੇ ਪਿਤਾ ਪੁਰਖੀ ਸਿਧਾਂਤ ਸਾਡੇ ਦੇਸ਼ ਦੀ ਬਣਤਰਾਂ ਦਾ ਹਿੱਸਾ ਬਣ ਗਏ ਹਨ।

ਭ੍ਰਿਸ਼ਟਾਚਾਰ ਭਾਰਤੀ ਸਮਾਜ ਦਾ ਅਟੁੱਟ ਅੰਗ ਬਣ ਚੁੱਕਾ ਹੈ। ਜੇਕਰ ਇਸ ਭ੍ਰਿਸ਼ਟਾਚਾਰ ਨੂੰ ਭਾਰਤ ਦਾ ਹਿੱਸਾ

ਕਹਿ ਲਈਏ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ। ਭਾਰਤ ਦੀ ਬਹੁਗਿਣਤੀ ਤੇ ਸਿੱਖਾਂ ਦੀ ਬਹੁਗਿਣਤੀ 'ਤੇ ਜ਼ਮੀਨ ਅਸਮਾਨ ਦਾ ਫ਼ਰਕ ਹੈ। ਆਦਿਵਾਸੀਆਂ ਤੋਂ ਜੰਗਲ, ਜ਼ਮੀਨ, ਪਾਣੀ, ਕੁਦਰਤੀ ਸਰੋਤਾਂ ਨੂੰ ਖੋਹ ਕੇ ਸਰਮਾਏਦਾਰਾਂ ਨੂੰ ਦਿੱਤੇ ਗਏ। ਨਕਸਲੀਆਂ ਵਿਰੁੱਧ ਇੱਕ ਜਥੇਬੰਦੀ 'ਪੀਪਲਜ਼ ਰਿਜ਼ਿਸਟੈਂਸ ਫੋਰਮ' ਵੀ ਗਠਿਤ ਕੀਤੀ ਗਈ। ਉਸ ਸਮੇਂ 'ਰਣਬੀਰ ਸੈਨਾ' ਜਥੇਬੰਦੀ ਜਗੀਰਦਾਰਾਂ ਦੀ ਸੀਤੇ ਇਸ ਦਾ ਵਜੂਦ ਹਾਲੇ ਵੀ ਹੈ। ਇਸ ਦੀਆਂ ਅੱਗੇ ਬਰਾਂਚ ਉੱਤਰ ਪ੍ਰਦੇਸ਼ ਤੇ ਬਿਹਾਰ ਵੀ ਹੈ। ਜਦੋਂ ਨਕਸਲੀਆਂ, ਆਦਿਵਾਸੀਆਂ 'ਤੇ ਹਮਲਾ ਹੁੰਦਾ ਤਾਂ ਇਹ ਜਥੇਬੰਦੀ ਕਾਰਵਾਈ ਜ਼ਰੂਰ ਕਰਦੀ। ਜੇਕਰ ਜ਼ੁਲਮ ਤੇ ਹਥਿਆਰ ਨਾਲ ਇਸ ਲਹਿਰ ਨੂੰ ਰੋਕਿਆਂ ਜਾਵੇ ਤਾਂ ਮਸਲਾ ਹੋਰ ਗੁੰਝਲਦਾਰ ਹੋ ਜਾਵੇਗਾ। ਆਦਿਵਾਸੀਆਂ ਦੀਆਂ ਕੁੱਝ ਮੰਗਾਂ ਸਰਕਾਰ ਨੂੰ ਮੰਨ ਲੈਣੀਆਂ ਚਾਹੀਦੀਆਂ ਹਨ।

" ਸਲਵਾ ਜੁਡਮ ਨੇ ਆਦਿਵਾਸੀ ਲੋਕਾਂ ਤੇ ਬਹੁਤ ਅੱਤਿਆਚਾਰ ਕੀਤੇ। ਇਸ ਦੇ ਕਾਰਕੁੰਨਾਂ ਵੱਲੋਂ 2005 ਤੋਂ 2011 ਤੱਕ 538 ਲੋਕਾਂ ਨੂੰ ਮਾਰ ਦਿੱਤਾ ਗਿਆ। 644 ਪਿੰਡਾਂ ਨੂੰ ਅੱਗ ਲਾ ਕੇ ਉਜਾੜ ਦਿੱਤਾ ਗਿਆ। 1500 ਤੋਂ ਵੱਧ ਬੇਗੁਨਾਹ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।"[51] ਇਹ ਸਿਲਸਿਲਾ ਅੱਜ ਵੀ ਨਾ ਰੋਕਿਆ ਗਿਆ। ਆਦਿਵਾਸੀ ਖੇਤਰਾਂ ਵਿਚ ਨਕਸਲੀ ਲਹਿਰ ਜ਼ਿਆਦਾ ਸਰਗਰਮ ਹੈ। ਨਕਸਲੀ ਤੇ ਆਦਿਵਾਸੀ ਇਸ ਲੜਾਈ ਨਾਲ ਜੂਝ ਰਹੇ ਹਨ ਤੇ ਪੰਜ ਕਰੋੜ ਜ਼ਮੀਨਾਂ ਕਿਸਾਨਾਂ ਤੋਂ ਖੋਹ ਕੇ ਬੇਦਖ਼ਲ ਕਰ ਦਿੱਤਾ ਗਿਆ। ਕਿਸਾਨਾਂ ਨੂੰ ਕੋਈ ਮੁਆਵਜ਼ਾ ਨਾ ਦਿੱਤਾ ਗਿਆ ਸੋ ਭੁੱਖੇ ਮਰਨ ਲਈ ਮਜਬੂਰ ਕਰ ਦਿੱਤਾ ਗਿਆ। ਸਰਕਾਰ ਤੇ ਲੁਟੇਰਾ ਜਮਾਤ ਨੂੰ ਜ਼ਿਆਦਾਤਰ ਵਿਰੁੱਧ ਇੱਥੋਂ ਦੇ ਕਿਸਾਨਾਂ ਨੂੰ ਸੰਘਰਸ਼ ਸਹਿਣਾ ਪਿਆ। ਦਰਅਸਲ ਨਕਸਲਵਾਦ ਕਿਸਾਨਾਂ ਨਾਲ ਜੁੜਿਆ ਹੈ।ਨਕਸਲੀ ਦੀ ਅੱਜ ਇੱਕ ਮਤ ਨਹੀਂ ਹੈ ਸਗੋਂ ਇਹ ਵੀ ਕਈ ਸਮੂਹਾਂ 'ਚ ਵੰਡਿਆ ਹੋਇਆ ਹੈ।ਇਕੱਲਾ ਪੰਜਾਬ ਵਿਚ ਹੀ ਇਸ ਸਮੇਂ ਨਕਸਲੀਆਂ ਦੇ ਸੱਤ ਅੱਠ ਸਮੂਹ ਹਨ। ਜਦੋਂ ਕਿ ਹੋਰ ਦੇਸ਼ਾਂ 'ਚ

[51] ਗੁਰਜੀਤ ਸਿੰਘ, ਨਕਸਲਵਾਦ ਦੀ ਹਿੰਸਾ, ਦੋਆਬਾ ਹੈਡਲਾਈਨਜ਼

ਇਸ ਦੇ ਕਈ ਸਮੂਹ ਹਨ। ਉਹ ਚੋਣਾਂ ਵਿਚ ਵੀ ਹਿੱਸਾ ਲੈਣ ਲੱਗੇ ਹਨ ਪਰ ਬਹੁਤੇ ਨਕਸਲੀ ਦੇ ਬਹੁਤੇ ਆਗੂਆਂ ਦਾ ਇਸ ਵਿਚ ਕੋਈ ਵਿਸ਼ਵਾਸ ਨਹੀਂ ਹੈ। ਉਨ੍ਹਾਂ ਦਾ ਜ਼ਿਆਦਾ ਧਿਆਨ ਸੰਘਰਸ਼ ਵੱਲ ਹੈ। ਸਾਡੇ ਗੁਆਂਢੀ ਮੁਲਕ ਤੋਂ ਆਏ ਲੋਕ ਸਾਡੀ ਦੇਸ਼ ਦੀ ਸੁਰੱਖਿਆ ਉਲੰਘਣਾ ਕੀਤੀ ਜਾਂਦੀ ਹੈ। ਇਸ ਨਾਲ ਦੇਸ਼ 'ਚ ਨਕਸਲਵਾਦ ਦੀ ਚੁਣੌਤੀ ਉੱਭਰ ਕੇ ਸਾਹਮਣੇ ਆਈ। ਅਤੀਤ ਵਿਚ ਭਾਰਤ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਸਾਡੇ ਦੇਸ਼ ਵਿਚ ਕੁਦਰਤੀ ਸੋਮਿਆਂ ਦੇ ਬਹੁਤ ਵੱਡੇ ਭੰਡਾਰ ਹਨ ਪਰ ਕੇਂਦਰ ਦੀਆਂ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਕਾਰਨ ਦੇਸ਼ ਬੇਰੁਜ਼ਗਾਰੀ, ਗਰੀਬੀ, ਅਨਪੜ੍ਹਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਸਭ ਗੱਲਾਂ ਪਿੱਛੇ ਕਾਂਗਰਸ ਦਾ ਹੱਥ ਸਮਝਿਆ ਜਾਂਦਾ ਹੈ। ਉਹ ਦੇਸ਼ ਨਾਲ ਬੁਰਾ ਸਲੂਕ ਕਰ ਰਹੇ ਹਨ। ਕਾਂਗਰਸ ਨੇ ਸਿੱਖਾਂ ਦੇ ਰਾਜਨੀਤਿਕ, ਧਾਰਮਿਕ, ਆਰਥਿਕ ਤੇ ਸਮਾਜਿਕ ਮਸਲਿਆਂ ਵਿਚ ਆਪਣਾ ਦਖ਼ਲ ਦਿੱਤਾ ਹੈ। 1984 ਦੇ ਕਤਲੇਆਮ ਤੇ ਦਰਬਾਰ ਸਾਹਿਬ ਤੇ ਹਮਲਾ ਕਰਨ ਵਿਚ ਕਾਂਗਰਸ ਦੇ ਮਾੜੇ ਕਿਰਦਾਰ ਨੂੰ ਨਹੀਂ ਭੁੱਲ ਸਕਦੇ। ਇਸ ਤੋਂ ਇਲਾਵਾ ਆਏ ਦਿਨ ਅਸੀਂ ਇਸ ਤਰ੍ਹਾਂ ਦੀਆਂ ਖ਼ਬਰਾਂ ਪੜ੍ਹਦੇ ਹਾਂ ਜੋ ਕਿਤੇ ਨਾ ਕਿਤੇ ਨਸਲੀ ਲਹਿਰ ਨਾਲ ਜੁੜਦੀਆਂ ਹਨ। " 2010 ਵਿਚ ਨਕਸਲੀਆਂ ਨੇ ਹਮਲਾ ਕੀਤਾ ਗਿਆ।ਜਿਸ ਵਿਚ ਕਰੀਬ 200 ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਉਨ੍ਹਾਂ ਨੇ ਇਹ ਹਮਲਾ ਯੋਜਨਾ ਸਹਿਤ ਬਣਾਇਆ।ਇਸ ਤੋਂ ਪਹਿਲਾ ਵੀ ਪੱਛਮ ਬੰਗਾਲ ਤੇ ਝਾਰਖੰਡ ਵਿਚ ਹਮਲੇ ਹੋਏ ਹਨ।"[52] ਦੇਸ਼ ਦੀ ਜਾਨ ਮਾਲ ਦਾ ਨੁਕਸਾਨ ਨਕਸਲੀ ਕਰ ਰਹੇ ਹਨ।ਸਰਕਾਰ ਕੁੱਝ ਨਹੀਂ ਕਰ ਰਹੀ ਸਗੋਂ ਨਕਸਲੀ ਉਨ੍ਹਾਂ ਉੱਪਰ ਭਾਰੂ ਪੈ ਰਹੇ ਹਨ ਤੇ ਆਪਣੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਨਕਸਲਵਾਦ ਦੀ ਜੜ੍ਹ ਪੁੱਟਣ ਲਈ ਨਕਸਲਵਾਦ ਤੋਂ ਮੁਕਤੀ ਲਈ ਝਾਰਖੰਡ ਚੁਣਿਆ ਗਿਆ। ਉੱਥੋਂ ਦੀ ਸਰਕਾਰ ਨੇ ਕਿਹਾ ਕਿ ਝਾਰਖੰਡ ਦੀ ਮਾਓਵਾਦ ਦਾ ਹੱਲ ਲੱਭਿਆ ਜਾਏਗਾ।ਇਸ ਨਾਲ ਨਿਪਟਣ ਲਈ ਤਾਕਤ ਦੀ ਲੋੜ ਨਹੀਂ ਸਗੋਂ ਸਮਝਦਾਰੀ ਦੀ ਲੋੜ ਹੈ।ਤਾਕਤ ਨਾਲ ਇਹ ਹੋਰ ਵਧੇਗੀ।ਨਕਸਲੀਆਂ ਨਾਲੋਂ ਨਿਪਟਣ ਲਈ ਵਿਕਾਸ ਦੀ ਵੀ ਲੋੜ ਹੈ।

---

[52] ਡਾ. ਸੁਰਜੀਤ ਬਰਾੜ, ਨਕਸਲਵਾਦ ਪ੍ਰਤੀ ਪਹੁੰਚ ਦਾ ਸਵਾਲ, ਆਰਟੀਕਲ

ਨਕਸਲੀ ਸਮੱਸਿਆ ਪੈਦਾ ਹੋਣ ਦਾ ਮੁੱਖ ਕਾਰਨ ਆਰਥਿਕ ਸਥਿਤੀ ਦਾ ਹੱਥ ਹੈ।ਇਸ ਲਹਿਰ ਨੇ ਜੁਝਾਰ ਵਾਦ ਨੂੰ ਜਨਮ ਦਿੱਤਾ।ਤੇ ਪੰਜਾਬ ਦੇ ਬਹੁਤੇ ਕਵੀ ਇਸ ਲਹਿਰ ਨਾਲ ਜੁੜ ਗਏ।ਜਿਨ੍ਹਾਂ ਵਿਚੋਂ ਪਾਸ਼ ਇੱਕ ਸਨ।ਉਨ੍ਹਾਂ ਦੀਆਂ ਕਵਿਤਾਵਾਂ ਵਿਚ ਜੁਝਾਰਵਾਦ ਝਲਕਦਾ ਹੈ।ਪੰਜਾਬ ਦੇ ਬਹੁਤੇ ਕਵੀ ਨਕਸਲਵਾਦ ਨਾਲ ਜੁੜੇ ਹੋਏ ਹਨ।ਲਾਲ ਸਿੰਘ ਨਕਸਲਬਾੜੀ ਲਹਿਰ ਦੇ ਸ਼ਾਇਰਾਂ ਵਿਚੋਂ ਇੱਕ ਹਨ। ਜਿਨ੍ਹਾਂ ਨੇ ਰੁਮਾਂਟਿਕ ਕਵਿਤਾ ਤੋਂ ਕ੍ਰਾਂਤੀਕਾਰੀ ਕਵਿਤਾਵਾਂ ਲਿਖੀਆਂ।ਨਕਸਲਵਾਦ ਅੰਦੋਲਨ ਨੇ ਦੀਆਂ ਬਗ਼ਾਵਤਾਂ ਵੀ ਕਹਿ ਸਕਦੇ ਹਾਂ।ਇਉਂ ਜਾਪਦਾ ਹੈ ਕਿ 1930 ਤੇ 1940 ਵਿਚਲੀ ਕਿਸਾਨ ਕ੍ਰਾਂਤੀ ਵਾਂਗ, ਨਕਸਲੀ ਲਹਿਰ ਨੂੰ ਬੇਜ਼ਮੀਨੇ-ਕਿਸਾਨ ਕਹਿ ਸਕਦੇ ਹਾਂ।ਜਿਸ ਨੂੰ ਸ਼ਕਤੀ ਦੇ ਜ਼ੋਰ ਨਾਲ ਦਬਾਇਆ ਨਹੀਂ ਜਾ ਸਕਦਾ।ਪਾਕਿਸਤਾਨ ਇਕ ਨਵਾਂ ਅੱਤਵਾਦੀ ਦੇਸ਼ ਬਣਦਾ ਜਾ ਰਿਹਾ ਹੈ। ਜਿਹੜੇ ਹੁਣ ਉਹੀ ਉਨ੍ਹਾਂ ਨੂੰ ਅੱਖਾਂ ਦਿਖਾ ਰਹੇ ਹਨ।ਨਕਸਲਵਾਦ ਦੀ ਸਮੱਸਿਆ ਅੱਤਵਾਦ ਨਾਲੋਂ ਕਿਤੇ ਵੱਡੀ ਹੈ।ਅੱਤਵਾਦ ਬਾਹਰੋਂ ਆਇਆ ਹੈ ਜਦ ਕਿ ਨਕਸਲਵਾਦ ਦੇਸ਼ ਦੀ ਅੰਦਰੂਨੀ ਸਮੱਸਿਆ ਹੈ।ਇਹ ਸਮੱਸਿਆ ਦੇਸ਼ ਨੂੰ ਘੁਣ ਵਾਂਗ ਅੰਦਰੋਂ ਅੰਦਰ ਖਾ ਰਹੀ ਹੈ।

## ਨਿਸ਼ਕਰਸ਼

ਅਜੋਕੇ ਜ਼ਮਾਨੇ ਵਿਚ ਵੀ ਕਈ ਖੇਤਰ ਇਸ ਤਰ੍ਹਾਂ ਦੇ ਹਨ ਜਿਹੜੇ ਹਾਲੇ ਵੀ ਪਛੜੇ ਹੋਏ ਹਨ। 1962 ਵਿਚ ਚੀਨ ਦੇ ਹਮਲੇ ਕਾਰਨ ਨਕਸਲਵਾਦੀ ਲਹਿਰ ਵਿਚ ਇੱਕ ਦੁਫੇੜ ਆ ਗਿਆ। ਨਕਸਲਵਾਦ ਨੂੰ ਸਰਕਾਰ ਦੀਆਂ ਨੀਤੀਆਂ ਪਸੰਦ ਨਾ ਆਉਂਦੀਆਂ। ਅੱਜ ਵੀ ਨਕਸਲਵਾਦ ਹੈ। ਨਕਸਲੀ ਮਸਲਾ ਕਿਸਾਨੀ ਸੰਕਟ ਨਾਲ ਜੁੜਿਆ ਹੋਇਆ ਹੈ।ਨਕਸਲੀ ਲਹਿਰ ਅੱਜ ਕਈ ਸਮੂਹਾਂ ਵਿਚ ਹੈ। ਕੁੱਝ ਨਕਸਲੀ ਗਰੁੱਪਾਂ ਦਾ ਚੋਣਾਂ ਵਿਚ ਵਿਸ਼ਵਾਸ ਨਹੀਂ ਹੈ। ਉਹ ਸਿਰਫ਼ ਹਥਿਆਰ ਜਾਂ ਇਨਕਲਾਬ ਰਾਹੀ ਸੱਤਾਂ ਪ੍ਰਾਪਤ ਕਰਨਾ ਚਾਹੁੰਦੇ ਹਨ। ਲੋਕਾਂ ਤੋਂ ਜ਼ਮੀਨ ਖੋਹ ਕੇ ਵਪਾਰਕ ਲੋਕਾਂ ਨੂੰ ਸੌਂਪੀਆਂ ਜਾ ਰਹੀਆਂ ਹਨ। ਅੱਜ ਨਕਸਲੀ ਸਰਗਰਮ ਹੈ। ਨਕਸਲੀ ਲਹਿਰ ਨੂੰ ਅੱਤਵਾਦ ਕਹਿ ਕੇ ਵੀ ਪੁਕਾਰਿਆ ਜਾਂਦਾ ਹੈ। ਔਰਤਾਂ ਨਾਲ ਜਬਰ ਜਨਾਹ ਕੀਤੇ ਗਏ। ਅਖ਼ਬਾਰਾਂ ਵਿਚ ਆਮ ਖ਼ਬਰਾਂ ਵਿਚ ਪੜ੍ਹਦੇ ਹਾਂ ਕਿ ਕਿਸਾਨ, ਮਜ਼ਦੂਰ, ਮੁਲਾਜ਼ਮ ਅਤੇ ਹੋਰ ਜਥੇਬੰਦੀਆਂ ਫੜੇ ਗਏ ਹਨ।

ਇਸ ਨਾਵਲ ਵਿਚ ਨਕਸਲਬਾੜੀ ਕਿਸਾਨ ਅੰਦੋਲਨ ਦੇ ਹੱਕ ਵਿਚ ਡਟ ਕੇ ਬੋਲਿਆ ਗਿਆ ਸੀ ਅਤੇ ਨਕਸਲਬਾੜੀ ਅੰਦੋਲਨ ਦੇ ਰਾਜਨੀਤਿਕ ਕੈਦੀਆਂ ਨੂੰ ਰਿਹਾਅ ਕਰਨ ਦੀ ਮੰਗ ਜ਼ੋਰਦਾਰ ਰੂਪ ਵਿਚ ਰੱਖੀ ਗਈ ਸੀ।ਹਰ ਮੋੜ ਤੇ ਭਾਸ਼ਣ, ਹਰ ਮੋੜ 'ਤੇ ਅਸਮਾਨ-ਗੁੰਜਾਊ ਨਾਅਰੇ। ਪੰਜਾਬ ਵਿਚ ਪਹਿਲੀ ਵਾਰ ਖੁੱਲ੍ਹੇ ਆਮ ਲੱਗੇ ਸੱਚ ਇਹ ਨਾਅਰੇ ਅਤੇ ਉਹ ਵੀ ਹਜ਼ਾਰਾਂ ਲੋਕਾਂ ਦੀ ਭੀੜ ਦੁਆਰਾ ਨਕਸਲਬਾੜੀ ਘੋਲ ਦੇ ਹੱਕ ਵਿਚ ਬੋਲੇ ਗਏ ਹਨ।

ਇਸੇ ਤਰ੍ਹਾਂ ਨਾਵਲਾਂ ਦਾ ਇਕ ਹੋਰ ਪ੍ਰਸੰਗ ਵੀ ਮਹੱਤਵਪੂਰਨ ਹੈ। ਨਾਵਲੀ ਬਿਰਤਾਂਤ ਵਿਚ ਇਕ ਜ਼ਬਰਦਸਤ ਪ੍ਰਦਰਸ਼ਨ ਤੋਂ ਬਾਅਦ ਰਾਤ ਭਰ ਇਨਕਲਾਬੀ ਕਾਰਕੁੰਨਾਂ ਵਿਚ ਚੱਲੀ ਇੱਕ ਭਖਵੀਂ ਬਹਿਸ ਚਲਦੀ ਹੈ। ਇਸ ਬਹਿਸ ਵਿਚ ਖੁੱਲ੍ਹੀਆਂ ਜਥੇਬੰਦੀਆਂ ਉਸਾਰਨ ਬਾਰੇ, ਰਾਜਨੀਤਿਕ ਤੇ ਜਥੇਬੰਦਕ ਪਹੁੰਚ ਬਾਰੇ, ਸਿੱਧੇ ਅਨੁਭਵਾਂ ਦੇ ਆਧਾਰ 'ਤੇ ਇੱਕ ਠੋਸ ਅਮਲ ਦੀ ਲੋੜ ਮਹਿਸੂਸ ਕੀਤੀ ਸੀ। ਜਿਸ ਦੇ ਫਲਸਰੂਪ ਕਿਰਤੀ ਕਿਸਾਨ ਯੂਨੀਅਨ

ਪੰਜਾਬ ਦਾ ਜਨਮ ਹੋਇਆ ਸੀ ਅਤੇ ਨੌਜੁਆਨ ਸਭਾਵਾਂ ਦੀ ਲਹਿਰ ਨੂੰ ਨਵੇਂ ਤੱਤ ਮਿਲੇ ਸਨ। ਇਨਕਲਾਬ ਦਾ ਜਨੂੰਨ ਘਟਿਆ, ਨਾ ਮੌਤ ਦੀਆ ਅੱਖਾਂ 'ਚ ਅੱਖਾਂ ਪਾ ਕੇ ਹੌਸਲੇ ਨਾਲ ਤੱਕਣ ਦਾ ਜੇਰਾ। ਉਸ ਕੋਲ 'ਲਿਬਰੇਸ਼ਨ' ਦਾ ਉਹ ਪੰਨਾ ਹਰ ਵਕਤ ਹੁੰਦਾ, ਜਿਸ 'ਤੇ ਬੰਗਾਲੀ ਨਕਸਲੀ ਕਾਰਕੁੰਨ ਸੁਦੇਬ ਦਾ ਘਰਦਿਆਂ ਨੂੰ ਲਿਖਿਆ ਖ਼ਤ ਛਪਿਆ ਹੋਇਆ ਸੀ। ਅਜੋਕੇ ਜ਼ਮਾਨੇ ਵਿਚ ਵੀ ਨਕਸਲਵਾਦ ਦੇਖਣ ਨੂੰ ਮਿਲਦਾ ਹੈ।

ਨਕਸਲਵਾਦ ਸਾਰੇ ਦੇਸ਼ ਦੀ ਚਿੰਤਾ ਹੈ। 11 ਸੂਬੇ ਨਕਸਲੀ ਦੀ ਗ੍ਰਿਫ਼ਤ 'ਚ ਹਨ। ਨਕਸਲੀ ਲਹਿਰ ਕਾਰਨ ਅਮੀਰ ਹੋਰ ਅਮੀਰ ਤੇ ਗ਼ਰੀਬ ਹੋਰ ਗ਼ਰੀਬ ਹੋਈ ਜਾ ਰਹੇ ਹਨ। ਸ਼ਾਹੀ ਠਾਠ ਨਾਲ ਰਹਿ ਰਹੇ ਲੋਕ ਵਿਹਲੜ ਹਨ ਜਦ ਕਿ ਗ਼ਰੀਬ ਨੂੰ ਤਨ ਢੱਕਣ ਲਈ ਕੱਪੜੇ ਵੀ ਨਸੀਬ ਨਹੀਂ ਹਨ ਤੇ ਉਨ੍ਹਾਂ ਦੀ ਸੁਣਵਾਈ ਕਿਧਰੇ ਵੀ ਨਹੀਂ ਹੁੰਦੀ ਜਦ ਕਰ ਕੇ ਉਨ੍ਹਾਂ ਨੂੰ ਹਿੰਸਾ ਦਾ ਰਾਹ ਅਪਣਾਉਣਾ ਪਿਆ।ਜਿਸ ਨੂੰ ਨਕਸਲਵਾਦ ਦਾ ਨਾਮ ਕਹਿ ਕੇ ਪੁਕਾਰਿਆ ਜਾਣ ਲੱਗਾ ਹੈ। ਜਿੰਨੀ ਦੇਰ ਤੱਕ ਉਨ੍ਹਾਂ ਨੂੰ ਬੇਰੁਜ਼ਗਾਰ ਨੂੰ ਰੁਜ਼ਗਾਰ ਮੁਹੱਈਆ ਨਹੀਂ ਕਰਵਾਇਆ ਜਾਂਦਾ ਤਦ ਤੱਕ ਇਹ ਸਿਲਸਿਲਾ ਇੱਦਾਂ ਹੀ ਚਲਦਾ ਰਹਿਣਾ।

1984 ਅਕਾਲ ਤਖ਼ਤ ਸਾਹਿਬ 'ਤੇ ਫ਼ੌਜੀ ਹਮਲਾ ਕੀਤਾ। ਜਿਸ ਨੇ ਨਕਸਲੀ ਸਿੱਟੇ ਕਾਰਨ ਖ਼ੂਨੀ ਹਨ੍ਹੇਰੀ ਚੱਲੀ। ਇਸ ਨਾਲ ਪੰਜਾਬ ਦੀ ਸ਼ਾਂਤੀ ਭੰਗ ਹੋਈ। ਜਿਸ ਕਾਰਨ ਦੁਖਦਾਈ ਹਾਦਸੇ ਵਾਪਰੇ।ਇਸ ਤਰ੍ਹਾਂ ਨਾਵਲ ਵਿਚ ਵਿਦਿਆਰਥੀਆਂ ਨੇ ਆਪਣੇ ਹੱਕਾਂ ਲਈ ਅੰਦੋਲਨ ਕੀਤਾ ਦੇਸ਼ ਨੂੰ ਆਜ਼ਾਦੀ ਤੋਂ ਬਾਅਦ ਆਮ ਆਦਮੀ ਵਿਚ ਸਰਕਾਰ ਦੀਆਂ ਪੂੰਜੀਵਾਦੀ ਨੀਤੀ ਨੂੰ ਲੈ ਕੇ ਇੱਕ ਭਾਰੀ ਰੋਸ ਪੈਦਾ ਹੋ ਗਿਆ ਸੀ।ਆਮ ਆਦਮੀ ਦੀ ਕਿਧਰੇ ਵੀ ਸੁਣਵਾਈ ਨਹੀਂ ਸੀ। ਸੱਤਾ ਸੰਭਾਲੀ ਬੈਠੀ ਪਾਰਟੀ ਪੁਲਿਸ ਦੀ ਲਾਠੀ ਦੇ ਜ਼ੋਰ ਤੇ ਹੱਕ ਮੰਗਣ ਵਾਲਿਆਂ 'ਤੇ ਰਾਜ ਕਰ ਰਹੀ ਸੀ। ਅਜਿਹੀ ਸਥਿਤੀ 'ਚ ਨੌਜੁਆਨ ਵਰਗ ਚੁੱਪ ਕਰ ਕੇ ਨਾ ਬੈਠਿਆਂ। ਉਨ੍ਹਾਂ ਨੇ ਆਪਣੇ ਹੱਕ ਮੰਗਣ ਲਈ ਜ਼ੋਰਦਾਰ ਅੰਦੋਲਨ ਕਰ ਦਿੱਤਾ। ਬਾਕੀ ਆਗੂਆਂ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ। ਤੇ ਪੁਲਿਸ ਉੱਥੇ ਆ ਧਮਕਦੀ ਸੀ। ਇਹ ਸੰਘਰਸ਼ ਨੌਜੁਆਨਾਂ 'ਤੇ ਪੂੰਜੀਪਤੀਆਂ ਵਿਚ ਚਲਦਾ ਰਹਿੰਦਾ ਸੀ ਤੇ ਪੁਲਿਸ ਵੀ

ਪੂੰਜੀਪਤੀਆਂ ਦਾ ਸਾਥ ਦਿੰਦੀ ਸੀ। ਉਹ ਬੇਕਸੂਰਾਂ ਨੂੰ ਚੁੱਕ ਕੇ ਜੇਲ੍ਹ ਵਿਚ ਸੁੱਟ ਦਿੰਦੀ ਸੀ। ਜਿਸ ਕਾਰਨ ਉਨ੍ਹਾਂ ਨੂੰ ਬਹੁਤ ਦੁੱਖ ਸਹਿਣੇ ਪਏ। ਇਸ ਤੋਂ ਇਲਾਵਾ ਨਾਵਲ ਵਿਚ ਜਿਹੜੇ ਨੌਜੁਆਨ ਲਹਿਰ ਨਾਲ ਜੁੜੇ ਸਨ। ਉਨ੍ਹਾਂ ਦੇ ਪਰਿਵਾਰ ਵਾਲੇ ਬਹੁਤ ਦੁਖੀ ਸੀ। ਉਹ ਆਪਣੇ ਘਰ ਦੇ ਕੰਮਾਂ ਵਿਚ ਹੱਥ ਨਹੀਂ ਵਟਾਉਂਦੇ ਸਨ। ਜਦੋਂ ਵੀ ਬੁਲਾਵਾ ਆਉਂਦਾ ਤਾਂ ਉਹ ਆਪਣੇ ਘਰ ਦੇ ਕੰਮ ਕਾਰ ਛੱਡ ਕੇ ਚਲੇ ਜਾਂਦੇ ਸਨ। ਕੁੜੀਆਂ ਵੀ ਖੁੱਲ੍ਹੇਆਮ ਲਹਿਰ ਵਿਚ ਸ਼ਾਮਿਲ ਸਨ। ਉਹ ਵੀ ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਂਦੀਆਂ ਸਨ। ਹੌਲੀ ਹੌਲੀ ਕਿਸ ਤਰ੍ਹਾਂ ਇਹ ਸਾਰੇ ਭਾਰਤ ਵਿਚ ਫੈਲ ਗਈ। ਨਾਵਲੀ ਕਥਾਨਕ ਦਰਸਤਉਂਦਾ ਹੈ ਕਿ ਪੂੰਜੀਪਤੀ ਗਰੀਬ ਲੋਕਾਂ ਦੀ ਕਮਾਈ ਹੜਪ ਕਰਕੇ ਲੈ ਜਾਂਦੇ ਹਨ ਤੇ ਕਿਸਾਨਾਂ ਨੂੰ ਕੁਝ ਵੀ ਨਹੀਂ ਬਚਦਾ। ਉਹ ਸਾਰਾ ਸਾਲ ਮਿਹਨਤ ਕਰਦੇ ਹਨ ਤੇ ਕਮਾਈ ਸਰਮਾਏਦਾਰ ਲੈ ਜਾਂਦੇ ਹਨ। ਨਕਸਲਵਾਦ ਕਾਰਨ ਲੋਕਾਂ ਨੂੰ ਵਪਾਰ ਵਿਚ ਬਹੁਤ ਘਾਟਾ ਪਿਆ ਕਿਉਂਕਿ ਵਪਾਰੀਆਂ ਨੂੰ ਡਰ ਸੀ ਕਿ ਕੋਈ ਉਨ੍ਹਾਂ ਤੇ ਹਮਲਾ ਨਾ ਕਰ ਦੇਵੇ। ਇਸ ਤੋਂ ਇਲਾਵਾ ਨਕਸਲਵਾਦ ਦੀ ਸਮਕਾਲੀ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ ਕਿ ਅੱਜ ਵੀ ਨਕਸਲਵਾਦ ਦੇਖਣ ਨੂੰ ਮਿਲਦਾ ਹੈ। ਨਕਸਲਵਾਦ ਨੇ ਦੇਸ਼ ਉਪਰ ਆਰਥਿਕ, ਰਾਜਨੀਤਿਕ ਤੌਰ 'ਤੇ ਪ੍ਰਭਾਵ ਪਾਇਆ ਹੈ। ਅੱਜ ਵੀ ਔਰਤਾਂ ਨਾਲ ਬਲਾਤਕਾਰ ਹੁੰਦੇ ਹਨ ਜਿਸ ਕਾਰਨ ਉਹ ਖੁੱਲ ਕੇ ਜੀਂਅ ਨਹੀਂ ਸਕਦੀਆ ਹਨ। ਜੇਕਰ ਉਹ ਪੁਲਿਸ ਕੋਲ ਉਸਦੀ ਸ਼ਿਕਇਤ ਕਰਨ ਲਈ ਜਾਂਦੀ ਹੈ ਤਾਂ ਉਸ ਨਾਲ ਬੁਰਾ ਸਲੂਕ ਕੀਤਾ ਜਾਂਦਾ ਹੈ। ਸ਼ੁਰੂ ਤੋਂ ਹੀ ਔਰਤ ਨੂੰ ਦਬਾਅ ਕੇ ਰੱਖਿਆ ਜਾਂਦਾ ਰਿਹਾ ਹੈ। ਤੇ ਅੱਜ ਵੀ ਉਸੇ ਤਰ੍ਹਾਂ ਹੈ ਭਾਵੇਂ ਦੇਸ਼ ਨੇ ਬਹੁਤ ਤਰੱਕੀ ਕਰ ਲਈ ਹੈ। ਪਰ ਅਜੇ ਵੀ ਉਹ ਉੱਥੇ ਦੇ ਉੱਥੇ ਹੀ ਖੜ੍ਹੇ ਹਨ।ਇਸ ਵਿੱਚ ਕਿਤੇ ਨਾ ਕਿਤੇ ਰਾਜਨੀਤੀ ਦਾ ਵੀ ਹੱਥ ਹੈ।ਸਰਕਾਰ ਨੂੰ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਲੋਕਾਂ ਤੇ ਸਖ਼ਤ ਤੋਂ ਸਖ਼ਤ ਰਵੱਈਆਂ ਧਾਂਰਨ ਕਰੇ ਤਾਂ ਕਿ ਉਸਦੀ ਮੁੜ ਇੰਨੀ ਹਿੰਮਤ ਨਾ ਪਵੇਂ। ਅੱਜ ਵੀ ਨਕਸਲਵਾਦ ਦੀ ਆੜ੍ਹ ਹੇਠ ਮਜ਼ਲੂਮਾਂ ਉੱਪਰ ਜ਼ੁਲਮ ਹੋ ਰਹੇ ਹਨ।

## **ਪੁਸਤਕ ਸੂਚੀ**


1. ਅਹੂਜਾ, ਰੋਸ਼ਨ ਲਾਲ, ਸਾਹਿਤ ਸ਼ਾਸਤਰ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1987
2. ਸੇਖੋਂ, ਰਾਜਿੰਦਰ ਸਿੰਘ, ਆਲੋਚਨਾ ਅਤੇ ਪੰਜਾਬੀ ਆਲੋਚਨਾ, ਲੁਧਿਆਣਾ, ਲਾਹੌਰ ਬੁੱਕਸ, 2012
3. ਸੰਧੂ ਗੁਰਪਾਲ ਸਿੰਘ, ਪੰਜਾਬੀ ਨਾਵਲ ਦਾ ਇਤਿਹਾਸ, ਦਿੱਲੀ, ਪੰਜਾਬੀ ਅਕਾਦਮੀ, 2005
4. ਕਸੇਲ, ਕਿਰਪਾਲ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਵਿਭਾਗ ਪੰਜਾਬ, ਭਾਗ ਦੂਜਾ, 1972
5. ਚੰਦਰ ਗਨਪਤੀ, ਹਿੰਦੀ ਸਾਹਿਤ ਦਾ ਵਿਗਿਆਨਿਕ ਇਤਿਹਾਸ, ਲੋਕ ਭਾਰਤੀ ਪ੍ਰਕਾਸ਼ਨ
6. ਗਿੱਲ ਸੁਰਜੀਤ, ਮਾਰਕਸਵਾਦ ਤੇ ਪੰਜਾਬੀ ਨਾਵਲ(ਆਲੋਚਨਾ), ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2009
7. ਜੱਗੀ ਰਤਨ ਸਿੰਘ, ਖੋਜ ਪੱਤ੍ਰਿਕਾ, ਸਾਹਿੱਤਿਕ ਵਾਦ ਅੰਕ (ਭਾਗ ਪਹਿਲਾ), ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2012
8. ਪਰਮਿੰਦਰ ਸਿੰਘ, ਪੰਜਾਬੀ ਗਲਪ ਦਾ ਇਤਿਹਾਸ ਤੇ ਪ੍ਰਵਿਰਤੀਆ, ਜਲੰਧਰ, ਨਿਊ ਬੁੱਕ ਕੰਪਨੀ ਮਾਈ ਹੀਰਾ ਗੇਟ, 2012
9. ਬ੍ਰਹਮਜਗਦੀਸ਼ ਸਿੰਘ ਤੇ ਪ੍ਰੋਫ਼ੈਸਰ ਰਾਜਬੀਰ ਕੌਰ, ਪੰਜਾਬੀ ਸਾਹਿਤ ਦਾ ਇਤਿਹਾਸ, ਅੰਮ੍ਰਿਤਸਰ, ਵਾਰਿਸ ਸ਼ਾਹ ਫਾਊਂਡੇਸ਼ਨ, 2011
10. ਦੁਸਾਂਝ, ਸੁਰਿੰਦਰ ਸਿੰਘ, ਪੰਜਾਬੀ ਇਤਿਹਾਸਕ ਨਾਵਲ, ਲੁਧਿਆਣਾ, ਲਾਹੌਰ ਬੁੱਕ ਸ਼ਾਪ 2-ਲਾਜਪਤ ਰਾਏ ਮਾਰਕਿਟ, 2005

11. ਨਹਿਰੂ, ਜੋਗਿੰਦਰ ਸਿੰਘ, ਨਾਵਲ ਦੀ ਵਿਧਾ, ਲੋਕ ਗੀਤ ਪ੍ਰਕਾਸ਼ਨ, 2013